A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਆਤ ਦਾ ਪਰਚਮ
ਪੰਜਾਬੀ ਅਖ਼ਬਾਰ Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 11 No: 254 Website : www.punjabiakhbaar.ca EmaiÍ: editor@punjabiakhbaar.ca Friday, 18 October 2024

# ਕਨੇਡਾ-ਇੰਡੀਆ ਦੇ ਆਪਸੀ ਸਬੰਧ ਫਿਰ ਖਰਾਬ ਹੋਏ

## ਦੋਵਾਂ ਦੇਸ਼ਾਂ ਨੇ ਛੇ-ਛੇ ਡਿਪਲੋਮੇਟ ਅਧਿਕਾਰੀ ਮੁਲਕ ਵਿੱਚੋਂ ਬਾਹਰ ਕੱਢੇ

## ਅਸੀਂ ਕੈਨੇਡਾ ਦੀ ਧਰਤੀ 'ਤੇ ਕੈਨੇਡੀਅਨ ਨਾਗਰਿਕਾਂ ਨੂੰ ਧਮਕਾਉਣ ਅਤੇ ਮਾਰਨ ਵਿੱਚ ਵਿਦੇਸ਼ੀ ਸਰਕਾਰ ਦੀ ਸ਼ਮੂਲੀਅਤ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਾਂਗੇ- ਜਸਟਿਨ ਟਰੂਡੋ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ, ਜਸਟਿਨ ਟਰੂਡੋ ਨੇ ਭਾਰਤ ਸਰਕਾਰ ਨਾਲ ਜੁੜੀਆਂ ਹਿੰਸਕ ਅਪਰਾਧਿਕ ਗਤੀਵਿਧੀਆਂ 'ਤੇ ਚੱਲ ਰਹੀ ਜਾਂਚ ਬਾਰੇ ਆਪਣਾ ਬਿਆਨ ਜਾਰੀ ਕਰਦਿਆਂ ਉਹਨਾਂ ਕਿਹਾ ਕਿ "ਕੈਨੇਡਾ ਕਾਨੂੰਨ ਦੇ ਸ਼ਾਸਨ ਵਿੱਚ ਜੜ੍ਹਾਂ ਵਾਲਾ ਦੇਸ਼ ਹੈ, ਅਤੇ ਸਾਡੇ ਨਾਗਰਿਕਾਂ ਦੀ ਸੁਰੱਖਿਆ ਸਭ ਤੋਂ ਮਹੱਤਵਪੂਰਨ ਹੈ। ਇਸੇ ਲਈ, ਜਦੋਂ ਸਾਡੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਅਤੇ ਖੁਫੀਆ ਸੇਵਾਵਾਂ ਨੇ ਭਰੋਸੇਯੋਗ ਇਲਜ਼ਾਮਾਂ ਦੀ ਪੈਰਵੀ ਕਰਨੀ ਸ਼ੁਰੂ ਕੀਤੀ ਕਿ ਭਾਰਤ ਸਰਕਾਰ ਦੇ ਏਜੰਟ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੀ ਕੈਨੇਡਾ ਦੀ ਧਰਤੀ 'ਤੇ ਹੱਤਿਆ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਸਨ। "ਅਸੀਂ ਭਾਰਤ ਸਰਕਾਰ ਨਾਲ ਆਪਣੀਆਂ ਚਿੰਤਾਵਾਂ ਸਾਂਝੀਆਂ ਕੀਤੀਆਂ ਅਤੇ ਉਨ੍ਹਾਂ ਨੂੰ ਇਸ ਮਹੱਤਵਪੂਰਨ ਮੁੱਦੇ 'ਤੇ ਰੌਸ਼ਨੀ ਪਾਉਣ ਲਈ ਸਾਡੇ ਨਾਲ ਕੰਮ ਕਰਨ ਲਈ ਕਿਹਾ। ਇਸ ਦੇ ਨਾਲ ਹੀ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੇ ਕੈਨੇਡੀਅਨਾਂ ਨੂੰ ਸੁਰੱਖਿਅਤ ਰੱਖਣ ਲਈ ਆਪਣੇ ਨਿਪਟਾਰੇ 'ਤੇ ਸਾਰੇ ਸਾਧਨਾਂ ਦੀ ਵਰਤੋਂ ਕੀਤੀ ਹੈ।

ਆਰ ਸੀ ਐਮ ਪੀ ਸਬੂਤ ਸਾਂਝੇ ਕਰਨ ਲਈ ਭਾਰਤੀ ਅਧਿਕਾਰੀਆਂ ਨਾਲ ਮਿਲੇ, ਜਿਸ ਤੋਂ ਇਹ ਸਿੱਟਾ ਕੱਢਿਆ ਗਿਆ ਕਿ ਭਾਰਤ ਸਰਕਾਰ ਦੇ ਛੇ ਏਜੰਟ ਅਪਰਾਧਿਕ ਗਤੀਵਿਧੀਆਂ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀ ਹਨ ਅਤੇ ਭਾਰਤ ਸਰਕਾਰ ਨੂੰ ਵਾਰ-ਵਾਰ ਬੇਨਤੀਆਂ ਕਰਨ ਦੇ ਬਾਵਜੂਦ ਉਨ੍ਹਾਂ ਨੇ ਸਹਿਯੋਗ ਨਾ ਦੇਣ ਦਾ ਫੈਸਲਾ ਕੀਤਾ ਹੈ। ਇਹ ਦੇਖਦੇ ਹੋਏ ਕਿ ਭਾਰਤ ਸਰਕਾਰ ਅਜੇ ਵੀ ਸਹਿਯੋਗ ਕਰਨ ਤੋਂ ਇਨਕਾਰ ਕਰਦੀ ਹੈ, ਤਾਂ ਮੇਰੀ ਸਹਿਯੋਗੀ, ਵਿਦੇਸ਼ ਮਾਮਲਿਆਂ ਦੀ ਮੰਤਰੀ, ਮੇਲਾਨੀ ਜੋਲੀ ਕੋਲ ਸਿਰਫ਼ ਇੱਕ ਹੀ ਰਸਤਾ ਬਾਕੀ ਸੀ ਕਿ ਉਸਨੇ ਇਨ੍ਹਾਂ ਛੇ ਵਿਅਕਤੀਆਂ ਲਈ ਦੇਸ਼ ਨਿਕਾਲੇ ਦਾ ਨੋਟਿਸ ਜਾਰੀ ਕੀਤਾ। ਉਹਨਾਂ ਨੂੰ ਕੈਨੇਡਾ ਛੱਡਣਾ ਪਵੇਗਾ। ਉਹ ਹੁਣ ਕੈਨੇਡਾ ਵਿੱਚ ਡਿਪਲੋਮੈਟ ਵੱਜੋਂ ਕੰਮ ਨਹੀਂ ਕਰ ਸਕਣਗੇ ਅਤੇ ਨਾ ਹੀ ਕਿਸੇ ਵੀ ਕਾਰਨ ਕਰਕੇ ਕੈਨੇਡਾ ਵਿੱਚ ਮੁੜ-ਪ੍ਰਵੇਸ਼ ਕਰ ਸਕਣਗੇ। ਮੈਨੂੰ ਸਪੱਸ਼ਟ ਕਰਨ ਦਿਓ ਕਿ ਆਰ ਸੀ ਐਮ ਪੀ ਦੁਆਰਾ ਪ੍ਰਕਾਸ਼ਤ ਕੀਤੇ ਗਏ ਸਬੂਤਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਹੈ। ਕੈਨੇਡਾ ਵਿੱਚ ਜਨਤਕ ਸੁਰੱਖਿਆ ਲਈ ਖ਼ਤਰਾ ਪੈਦਾ ਕਰਨ ਵਾਲੀਆਂ ਅਪਰਾਧਿਕ ਗਤੀਵਿਧੀਆਂ ਨੂੰ ਰੋਕਣਾ ਜ਼ਰੂਰੀ ਹੈ। "ਅਸੀਂ ਕੈਨੇਡਾ ਦੀ ਧਰਤੀ 'ਤੇ ਕੈਨੇਡੀਅਨ ਨਾਗਰਿਕਾਂ ਨੂੰ ਧਮਕਾਉਣ ਅਤੇ ਮਾਰਨ ਵਿੱਚ ਵਿਦੇਸ਼ੀ ਸਰਕਾਰ ਦੀ ਸ਼ਮੂਲੀਅਤ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਾਂਗੇ। ਇਹ ਕੈਨੇਡਾ ਦੀ ਪ੍ਰਭੁਸੱਤਾ ਅਤੇ ਅੰਤਰਰਾਸ਼ਟਰੀ ਕਾਨੂੰਨ ਦੀ ਡੂੰਘੀ ਅਸਵੀਕਾਰਨਯੋਗ ਉਲੰਘਣਾ ਹੈ। ਇੱਕ ਵਾਰ ਫਿਰ, ਅਸੀਂ ਭਾਰਤ ਸਰਕਾਰ ਨੂੰ ਇਸ ਜਾਂਚ ਵਿੱਚ ਸਾਡੇ ਨਾਲ ਸਹਿਯੋਗ ਕਰਨ ਲਈ ਕਹਿੰਦੇ ਹਾਂ। "ਕੈਨੇਡਾ ਹਮੇਸ਼ਾ ਕਾਨੂੰਨ ਦੇ ਸ਼ਾਸਨ ਅਤੇ ਬੁਨਿਆਦੀ ਸਿਧਾਂਤਾਂ ਦੀ ਰੱਖਿਆ ਕਰੇਗਾ ਜਿਨ੍ਹਾਂ 'ਤੇ ਆਜ਼ਾਦ ਅਤੇ ਜਮਹੂਰੀ ਸਮਾਜ ਆਧਾਰਿਤ ਹਨ। ਅਸੀਂ ਭਾਰਤ ਸਰਕਾਰ ਨੂੰ ਵੀ ਅਜਿਹਾ ਕਰਨ ਦੀ ਅਪੀਲ ਕਰਦੇ ਹਾਂ। ਵਰਨਣਯੋਗ ਹੈ ਕਿ ਬੀਤੇ ਦਿਨੀ ਕਨੇਡਾ ਅਤੇ ਇੰਡੀਆ ਦੇ ਡਿਪਲੋਮੈਟਿਕ ਸਬੰਧਾਂ ਵਿੱਚ ਤਰੇੜਾਂ ਆਉਣ ਕਾਰਣ ਦੋਵੇ ਮੁਲਕਾਂ ਨੇ ਐਂਬੈਸੀਆਂ ਵਿੱਚ ਕੰਮ ਕਰਦੇ ਛੇ ਛੇ ਅਧਿਕਾਰੀਆਂ ਨੂੰ ਮੁਲਕ ਛੱਡ ਜਾਣ ਦੇ ਫੁਰਮਾਨ ਜਾਰੀ ਕਰ ਦਿੱਤੇ ਸਨ।

# ਕੈਨੇਡਾ ਆਏ ਹਰ ਅੰਤਰ ਰਾਸ਼ਟਰੀ ਵਿਦਿਆਰਥੀ ਨੂੰ 1 ਨਵੰਬਰ 2024 ਤੋਂ ਬਾਦ ਵਰਕ ਪਰਮਿਟ ਨਹੀਂ ਮਿਲੇਗਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਹੁਣ ਕੈਨੇਡਾ ਵੱਲੋਂ ਸਟੱਡੀ ਵੀਜ਼ੇ ਉੱਪਰ ਆਉਣ ਵਾਲੇ ਅੰਤਰ ਰਾਸ਼ਟਰੀ ਵਿਦਿਆਰਥੀਆਂ ਲਈ ਵਰਕ ਪਰਮਿਟ ਬਾਬਤ 1 ਨਵੰਬਰ ਤੋਂ ਨਵੇਂ ਨਿਯਮ ਲਾਗੂ ਕਰ ਦਿੱਤੇ ਗਏ ਹਨ। ਕੈਨੇਡਾ ਵੱਲੋਂ ਵਰਕ ਪਰਮਿਟ ਲੈਣ ਲਈ ਜਾਰੀ ਕੀਤੀ ਗਈ ਲਿਸਟ ਵਿੱਚ ਖੇਤੀਬਾੜੀ, ਸਿਹਤ, ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ, ਬਿਜ਼ਨਸ ਅਤੇ ਟਰਾਂਸਪੋਰਟ ਖ਼ੇਤਰ ਸ਼ਾਮਿਲ ਹਨ। ਇਸ ਸਬੰਧੀ

ਜਾਣਕਾਰੀ ਦਿੰਦੇ ਕੈਲਗਰੀ ਤੋਂ ਰੂਟਸ ਇਮੀਗ੍ਰੇਸ਼ਨ ਤੋਂ ਕੋਮਲਪ੍ਰੀਤ ਸੰਧੂ ਨੇ ਦੱਸਿਆ ਕਿ ਇਸਤੋਂ ਪਹਿਲਾਂ ਹਰ ਕੋਰਸ ਕਰਨ ਵਾਲੇ ਨੂੰ ਪੋਸਟ ਗਰੈਜੂਏਟ ਵਰਕ ਪਰਮਿਟ ਮਿਲਦਾ ਸੀ ਪਰ ਆਉਣ ਵਾਲੇ ਸਮੇਂ ਦੌਰਾਨ ਉਕਤ ਕੋਰਸ ਕਰਨ ਵਾਲੇ ਵਿਦਿਆਰਥੀਆਂ ਨੂੰ ਹੀ ਵਰਕ ਪਰਮਿਟ ਮਿਲ ਸਕੇਗਾ। ਜਿਹੜੇ ਵਿਦਿਆਰਥੀਆਂ ਨੇ ਇੱਕ ਸਾਲ ਦਾ ਕੋਰਸ ਕੀਤਾ ਹੁੰਦਾ ਹੈ, ਉਹਨਾਂ ਨੂੰ ਇੱਕ ਸਾਲ ਦੇ ਸਮੇਂ ਦਾ ਵਰਕ ਪਰਮਿਟ ਮਿਲਦਾ ਹੈ। 2 ਸਾਲ ਜਾਂ ਇਸ ਤੋਂ ਵਧੇਰੇ ਸਮੇਂ ਦਾ ਕੋਰਸ ਕਰਨ 'ਤੇ 3 ਸਾਲ ਦਾ ਵਰਕ ਪਰਮਿਟ ਮਿਲਦਾ ਹੈ। ਪਰ 8 ਮਹੀਨੇ ਤੋਂ ਘੱਟ ਸਮੇਂ ਦਾ ਕੋਰਸ ਕਰਨ ਵਾਲੇ ਵਿਦਿਆਰਥੀ ਪੋਸਟ ਗ੍ਰੈਜੂਏਟ ਵਰਕ ਪਰਮਿਟ ਲਈ ਅਪਲਾਈ ਕਰਨ ਦੇ ਯੋਗ ਨਹੀਂ ਹੋਣਗੇ।

Barinder Ubhi
Realtor
C (204)807-5013
E babbu_ubhi@yahoo.com
WIN MAX REAL ESTATE LTD
10- 998 Keewatin St.
Winnipeg, MB, R2R 2V1
P:(204) 905-9798

CENTURY 21 Fusion

RANDY SINGH
Saskatoon REALTOR®
306.361.7810
randy.singh@century21.ca
randysinghrealty.com
Call me today!
Not intended to solicit properties currently listed for sale or buyers under contract. Each office is independently owned and operated.

Always Fresh
Always Delicious
OPEN
11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ !
Pizza Bite
Perfect place for Perfect taste
Authentic Indian Curry and Sweet House
•Pizza and Indian Food
•Indian Sweets
•Tiffin Service
•Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
• Student Visa • Work permit • Visitor Visa • LMIA • PR Application
• Refugee Cases and Appeals • PNP Family Sponsorship • Citizenship • Nanny Caregiver • USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

Need an expert advice to find the mortgage that's right for you !
New to Canada
Purchase
Refinance
Home line of credit
Rental
Life insurance

VINE GROUP MORTGAGE BROKERAGE
Raj Mudhar
Mortgage Advisor
204.963.9481
raj.mudhar@vinegroup.ca

Amrit Singh Kang
Mortgage Expert
Call Me For All Your Mortgage Needs
ਮੰਨ ਗਏ ਤੁਹਾਡੀ ਘਰ ਦੀ ਪਸੰਦ ਨੂੰ
ਹੁਣ ਮਾਰਗੇਜ ਲਈ ਕਾਲ ਕਰੋ ਕੰਗ ਨੂੰ

204-218-3852
Just4kang@gmail.com

CARPET EMPIRE SALE
Calgary Carpet Empire
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

SARDAR SUPER MARKET
ਸਰਦਾਰ ਸੁਪਰ ਮਾਰਕੀਟ
ਸਸਤੀ ਅਤੇ ਸਿਹਤਮੰਦ ਵਰਾਇਟੀ ਵਾਲਾ ਗਰੌਸਰੀ ਸਟੋਰ
204 416 0999
E1-55 Waterford Green Commons, Winnipeg (MB) R2R 0Z9

Buta Singh Dhillon
Sales Associates
ਘਰ ਖਰੀਦਣ ਜਾਂ ਵੇਚਣ ਲਈ ਤਜ਼ਰਬੇਕਾਰ ਅਤੇ ਭਰੋਸੇਯੋਗ ਨਾਂ

Cell:204.880.6600
Office:204.987.9800
RE/MAX executives realty
Each office independently owned & operated
butadhillon@remax.net www.remax.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SHORY LAW LLP
• IMMIGRATION • BUSINESS
• CRIMINAL • REAL ESTATE

Chetan Shory Sarvesh Jeet Devinder Shory Jatin Shory
www.shorylaw.com (403) 216-1199
220 - 4851 Westwinds Dr. N.E., Calgary
@shorylaw

## MODERN SINGLE-FAMILY HOME WITH SPICE KITCHEN & LEGAL BASEMENT SUITE OPTIONS

Starting from Mid $600's Excl. GST.

ਸਾਡੇ ਮਾਡਰਨ ਸਿੰਗਲ ਫੈਮਿਲੀ ਹੋਮਜ਼ ਸਮਕਾਲੀ ਬਾਹਰੀ ਆਰਕੀਟੈਕਚਰ ਪੇਸ਼ ਕਰਦੇ ਹਨ ਜਿਸ ਵਿੱਚ ਡਬਲ ਫਰੰਟ ਗੈਰੇਜ ਅਤੇ ਇੱਕ ਨਿੱਜੀ ਪਰ ਸੱਦਾ ਦੇਣ ਵਾਲਾ ਸਾਹਮਣੇ ਪ੍ਰਵੇਸ਼ ਦੁਆਰ ਹੈ। ਇੱਕ ਬਹੁ-ਪੀੜ੍ਹੀ ਜੀਵਨ ਸ਼ੈਲੀ ਵਾਲਾ ਇਹ ਘਰ ਮੌਰਗੇਜ ਸਹਾਇਕ ਜਾਂ ਪੂਰਕ ਵਜੋਂ ਸੇਵਾ ਕਰਨ ਲਈ ਅਧੂਰੇ ਅਤੇ ਮੁਕੰਮਲ ਕਾਨੂੰਨੀ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ।

ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਮੁੱਖ ਵਿਕਲਪਾਂ 'ਤੇ ਘਰੇਲੂ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਵਿਸ਼ਾਲ ਘਰ ਦਾ ਦਫਤਰ, ਬੋਨਸ ਰੂਮ, ਮਸਾਲਾ ਰਸੋਈ ਅਤੇ ਬੈੱਡਰੂਮ ਵੀ ਉਪਲਬਧ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਟ ਸ਼ਾਮਲ ਕਰੋ।

**ਹੋਰ ਜਾਣਕਾਰੀ ਲਈ ਅੱਜ ਹੀ ਰਜਿਸਟਰ ਕਰੋ!!**

Den


Great room

Kitchen

Walk-in spice kitchen

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

Vol: 11 No: 254 Website : www.punjabiakhbaar.ca Emaiĺĺĺ

# ਹਰਪਿੰਦਰ ਸਿੱਧੂ ਯੂਨੀਵਰਸਿਟੀ ਆਫ ਕੈਲਗਰੀ ਦਾ ਸੈਨੇਟਰ ਨਿਯੁਕਤ ਹੋਏ

ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਇੰਸੋਰੈਂਸ ਦੇ ਖੇਤਰ ਵਿੱਚ ਆਪਣੀ ਅਮਿੱਟ ਛਾਪ ਛੱਡਣ ਵਾਲੇ ਕੈਲਗਰੀ ਵਸਦੇ ਪੰਜਾਬੀ ਭਾਈਚਾਰੇ ਦੀ ਜਾਣੀ ਪਛਾਣੀ ਸ਼ਖਸੀਅਤ ਹਰਪਿੰਦਰ ਸਿੱਧੂ ਨੂੰ ਯੂਨੀਵਰਸਿਟੀ ਆਫ ਕੈਲਗਰੀ ਦਾ ਸੈਨੇਟਰ ਨਿਯੁਕਤ ਕੀਤਾ ਗਿਆ ਹੈ।ਹਰਪਿੰਦਰ ਸਿੱਧੂ ਦੇ ਪਿਛੋਕੜ ਵੱਲ ਝਾਤ ਮਾਰੀਏ ਤਾਂ ਵਰਨਣਯੋਗ ਹੈ ਕਿ ਹਰਪਿੰਦਰ ਸਿੱਧੂ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਇੰਸੋਰੈਂਸ ਕੈਲਗਰੀ ਦੇ ਸੀਨੀਅਰ ਪ੍ਰਬੰਧਕ ਵੱਜੋਂ ਇੰਸੋਰੈਂਸ ਸੇਵਾਵਾਂ ਦਿੰਦੇ ਹੋਏ ਭਾਈਚਾਰੇ ਅੰਦਰ ਆਪਣੀ ਵਿਲੱਖਣ ਪਛਾਣ ਬਣਾਈ ਹੈ।

ਸਾਲ 2006 ਵਿੱਚ ਪੰਜਾਬ ਤੋਂ ਕੈਨੇਡਾ ਪ੍ਰਵਾਸ ਕਰ ਆਏ ਪੰਜਾਬ ਦੇ ਜਿਲਾ ਲੁਧਿਆਣਾ ਦੇ ਜਗਰਾਵਾਂ ਨਾਲ ਸਬੰਧਿਤ ਪੰਜਾਬ ਟੈਕਨੀਕਲ ਯੂਨੀਵਰਸਿਟੀ ਤੋਂ ਬੀ ਟੈੱਕ ਇਲੈਕਟ੍ਰੋਨਿਕਸ ਦੀ ਉੱਚ ਵਿੱਦਿਆ ਪ੍ਰਾਪਤ ਹਨ। ਯੂਨੀਵਰਸਿਟੀ ਆਫ ਕੈਲਗਰੀ ਨੇ ਉਹਨਾਂ ਨੂੰ ਸਾਲ 2024 ਤੋਂ 2027 ਤੱਕ ਸੈਨੇਟਰ ਵੱਜੋਂ ਨਿਯੁਕਤ ਕੀਤਾ ਹੈ।

ਆਪਣੀ ਸੈਨੇਟਰ ਵੱਜੋਂ ਨਿਯੁਕਤੀ ਲਈ ਹਰਪਿੰਦਰ ਸਿੱਧੂ ਨੇ ਆਪਣੇ ਭਾਈਚਾਰੇ, ਪ੍ਰੀਮੀਅਰ ਡੈਨੀਅਲ ਸਮਿਥ ,ਮਨਿਸਟਰ ਰਾਜਨ ਸਾਹਨੀ ਅਤੇ ਯੂਨੀਵਰਸਿਟੀ ਆਫ ਕੈਲਗਰੀ ਦਾ ਧੰਨਵਾਦ ਕਰਦਿਆਂ ਆਖਿਆ ਹੈ ਕਿ ਜਦੋਂ ਤੁਸੀਂ ਖੁੱਦ ਦੂਜਿਆਂ ਲਈ ਸਮਾਜ ਸੇਵਾ ਦੇ ਰੂਪ ਵਿੱਚ ਕੰਮ ਕਰਦੇ ਹੋ ਤਾਂ ਸਮਾਜ ਵੀ ਤੁਹਾਨੂੰ ਅਜਿਹੇ ਸਨਮਾਨਯੋਗ ਰੁਤਬਿਆਂ ਨਾਲ ਨਿਵਾਜਦਾ ਹੈ।

ਉਹਨਾ ਦਾ ਕਹਿਣਾ ਹੈ ਕਿ ਉਹ ਆਪਣੇ ਉੱਪਰ ਆਈ ਜ਼ਿੰਮੇਬਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਵਾਲਿਆਂ ਨੇ ਲੁੱਟਾਂ-ਖੋਹਾਂ, ਫਿਰੌਤੀਆਂ ਅਤੇ ਦਹਿਸ਼ਤਗਰਦੀ ਰੋਕਣ ਲਈ ਸਖਤ ਕਾਨੂੰਨ ਬਣਾਏ ਜਾਣ ਦੀ ਮੰਗ ਉਠਾਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਦੌਰਾਨ ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਕੈਨੇਡਾ ਅੰਦਰ ਲੁੱਟਾਂ-ਖੋਹਾਂ, ਫਿਰੌਤੀਆਂ ਅਤੇ ਦਹਿਸ਼ਤੀ ਕਾਰਵਾਈਆਂ ਵਿੱਚ ਹੋ ਰਹੇ ਵਾਧੇ ਉਪਰ ਚਿੰਤਾ ਪ੍ਰਗਟ ਕਰਦਿਆਂ ਇਨ੍ਹਾਂ ਨੂੰ ਰੋਕਣ ਲਈ ਸਖਤ ਕਾਨੂੰਨ ਬਣਾਏ ਜਾਣ ਦੀ ਲੋੜ ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਸਾਰੇ ਧਰਮ ਸਤਿਕਾਰਯੋਗ ਹਨ ਪਰ ਕਿਸੇ ਵੀ ਵਰਗ ਦੇ ਚੰਦ ਕੁ ਵਿਅਕਤੀਆਂ ਵੱਲੋਂ ਕੀਤੀਆਂ ਜਾਣ ਵਾਲ਼ੀਆਂ ਅਧਰਮੀ ਕਾਰਵਾਈਆਂ ਦੀ ਨਿੰਦਾ ਕਰਨੀ ਚਾਹੀਦੀ ਹੈ ਅਤੇ ਇਨ੍ਹਾਂ ਵਿਰੁੱਧ ਸਾਰਿਆਂ ਨੂੰ ਆਵਾਜ਼ ਉਠਾਉਣੀ ਚਾਹੀਦੀ ਹੈ। ਉਨ੍ਹਾਂ ਨੇ ਰੂਸ-ਯੂਕਰੇਨ ਅਤੇ ਇਜ਼ਰਾਈਲ-ਫਿਲਸਤੀਨ ਵਿੱਚ ਚੱਲ ਰਹੀ ਜੰਗ ਦੌਰਾਨ ਹੋ ਰਹੀਆਂ ਹਜ਼ਾਰਾਂ ਮਾਸੂਮਾਂ ਦੀਆਂ ਮੌਤਾਂ ਵੱਲ ਧਿਆਨ ਦਿਵਾਉਂਦਿਆਂ ਜੰਗ ਨੂੰ ਰੋਕਣ ਲਈ ਯਤਨ ਕਰਨ ਦੀ ਅਪੀਲ ਕੀਤੀ ਅਤੇ ਨਾਲ ਹੀ ਸਿਹਤਮੰਦ ਰਹਿਣ ਲਈ ਸੰਤੁਲਿਤ ਪੌਸ਼ਟਿਕ ਆਹਾਰ ਦੀ ਅਹਿਮੀਅਤ ਦੱਸੀ। ਚਿੰਤਾ ਜ਼ਾਹਿਰ ਕਰਦਿਆਂ ਕਰਮ ਸਿੰਘ ਮੁੰਡੀ ਨੇ ਹੁੱਲੜਬਾਜ਼ੀ, ਅਸਹਿਣਸ਼ੀਲਤਾ ਅਤੇ ਮੁਜਰਮਾਨਾ ਕਾਰਵਾਈਆਂ ਨੂੰ ਠੱਲ੍ਹ ਪਾਉਣ ਦੀ ਦੁਹਾਈ ਦਿੱਤੀ ਤਾਂ ਜੋ ਭਾਈਚਾਰੇ ਦੇ ਅਕਸ ਨੂੰ ਬੇਦਾਗ ਰੱਖਿਆ ਜਾ ਸਕੇ। ਜਸਵੰਤ ਸਿੰਘ ਕਪੂਰ ਨੇ ਸਿਰਜਣਹਾਰ ਦੀਆਂ ਬਰਕਤਾਂ ਲਈ ਸ਼ੁਕਰਗੁਜ਼ਾਰ ਹੋਣ ਦੀ ਨਸੀਹਤ ਦਿੱਤੀ। ਹਰਿੰਦਰ ਕੌਰ ਮੁੰਡੀ ਨੇ ਕਿਹਾ ਕਿ ਔਰਤ ਰੱਬ ਦੀ ਸਭ ਤੋਂ ਖੂਬਸੂਰਤ ਸਿਰਜਣਾ ਹੈ ਜੋ ਬੱਚੇ ਨੂੰ ਜਨਮ ਦੇ ਕੇ ਮਾਂ ਦਾ ਰੁਤਬਾ ਅਖਤਿਆਰ ਕਰਦੀ ਹੈ। ਡਾ: ਰਾਜਵੰਤ ਕੌਰ ਮਾਨ ਨੇ ਅੰਮ੍ਰਿਤਾ ਪ੍ਰੀਤਮ ਅਤੇ ਇਮਰੋਜ਼ ਨਾਲ ਆਪਣੀਆਂ ਨਿੱਜੀ ਸਾਂਝਾਂ ਯਾਦ ਕੀਤੀਆਂ। ਸਰਦਾਰ ਤਾਰਿਕ ਮਲਿਕ ਨੇ ਯੋਗਾ ਅਭਿਆਸ ਦੀਆਂ ਕਿਰਿਆਵਾਂ ਕਰਵਾਈਆਂ ਅਤੇ ਸ਼ੇਅਰ ਸੁਣਾਏ। ਸੁਰਿੰਦਰ ਢਿੱਲੋਂ ਨੇ ਗ਼ਾਲਿਬ ਵਰਗੇ ਮਹਾਨ ਸ਼ਾਇਰਾਂ ਦੀ ਜ਼ਿੰਦਗੀ ਦੇ ਕੁੱਝ ਅਹਿਮ ਪੱਖ ਸਾਂਝੇ ਕੀਤੇ। ਜਸਵੀਰ ਸਿਹੋਤਾ, ਅਮਰਜੀਤ ਕੌਰ ਪਲਾਹਾ ਨੇ ਕਵਿਤਾਵਾਂ ਕਹੀਆਂ। ਪਰਮਿੰਦਰ ਕੌਰ, ਸੁਰਿੰਦਰ ਕੁਮਾਰ ਕਾਲੀਆ, ਹਰਕੰਵਲਜੀਤ ਕੌਰ ਧਾਲੀਵਾਲ਼, ਸੁਖਮੰਦਰ ਗਿੱਲ ਨੇ ਗੀਤਾਂ ਨਾਲ ਛਹਿਬਰਾਂ ਲਾਈਆਂ । ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਸਟੇਜ ਦੀ ਸਮੁੱਚੀ ਕਾਰਵਾਈ ਨੂੰ ਸੁਘੜਤਾ ਨਾਲ ਚਲਾਇਆ। ਅਖੀਰ ਵਿਚ ਸੁਰਿੰਦਰਜੀਤ ਪਲਾਹਾ ਨੇ ਹਾਜ਼ਰੀਨ ਸਮੇਤ ਫੋਟੋਗ੍ਰਾਫੀ, ਜ਼ਾਬਤਾ, ਖਾਣਾ ਪਰੋਸਣਾ ਆਦਿ ਦੀ ਪ੍ਰਬੰਧਕੀ ਜ਼ਿੰਮੇਵਾਰੀਆਂ ਨਿਭਾਉਣ ਵਾਲੀਆਂ ਟੀਮਾਂ ਦਾ ਧੰਨਵਾਦ ਕੀਤਾ।

# ਸਾਊਥ ਏਸ਼ੀਅਨ ਕਨੇਡੀਅਨ ਐਸੋਸੀਏਸ਼ਨ ਨੇ ਆਪਣੇ ਮੈਂਬਰਾਂ ਦੇ ਜਨਮ ਦਿਨ ਮਨਾਏ

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਬੀਤੀ ਪੰਜ ਅਕਤੂਬਰ ਨੂੰ ਸਾਕਾ ਦੇ ਸੀਨੀਅਰ ਵਾਈਸ ਪ੍ਰਧਾਨ ਹਰਦੀਪ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਐਗਜੈਕਟਿਵ ਕਮੇਟੀ ਦੇ ਸਹਿਯੋਗ ਨਾਲ ਜਿਨਾਂ ਮੈਂਬਰਾਂ ਨੇ ਜਨਮਦਿਨ ਸਤੰਬਰ ਮਹੀਨੇ ਵਿੱਚ ਲੰਘ ਚੁੱਕੇ ਸਨ ਉਹਨਾਂ ਸਬੰਧੀ ਕੇਕ ਕੱਟਣ ਦੀ ਰਸਮ ਧੂਮ ਧਾਮ ਨਾਲ ਕੀਤੀ ਗਈ। ਇਸ ਮਹੀਨੇ ਦੇ ਅਖੀਰ ਵਿੱਚ ਬਹੁਤ ਸਾਰੇ ਮੈਂਬਰਾਂ ਨੇ ਇੰਡੀਆ ਚਲੇ ਜਾਣਾ ਹੈ ਅਤੇ ਬਹੁਤ ਸਾਰੇ ਸੀਨੀਅਰ ਮੈਂਬਰ ਠੰਡ ਹੋਣ ਕਾਰਣ ਘਰਾਂ ਚੋਂ ਬਾਹਰ ਨਹੀਂ ਨਿਕਲਦੇ ਇਸ ਲਈ ਇਸ ਵਾਰ ਮੈਂਬਰਾਂ ਦੀ ਕਾਫੀ ਵੱਡੀ ਗਿਣਤੀ ਸੀ। ਬਲਵਿੰਦਰ ਸਿੰਘ ਬਿਰਦੀ ਨੇ ਧਰਮਾਂ ਵਾਰੇ ਕਵਿਤਾ ਸੁਣਾਈ। ਸੁਰਿੰਦਰ ਕੌਰ ਕੈਂਥ ਨੇ ਭਾਰਤ ਪਾਕਿਸਤਾਨ ਦੀ ਵੰਡ ਦਾ ਗੀਤ, ਲਲਤਾ ਜੀ ਨੇ ਨੀਂਦ ਸਬੰਧੀ ਗੱਲਬਾਤ, ਗੁਰਤੇਜ ਕੌਰ ਸਿੱਧੂ, ਜਸਵਿੰਦਰ ਕੌਰ ਬਰਾੜ ਪਰਮਜੀਤ ਕੌਰ ਅਤੇ ਸੁਰਿੰਦਰ ਕੌਰ ਸੰਧੂ ਨੇ ਵੀ ਮੰਚ ਉੱਪਰੋਂ ਹਾਜ਼ਰੀ ਲਗਵਾਈ। ਮੰਚ ਉਪਰੋਂ ਬੋਲਣ ਵਾਲੇ ਬੁਲਾਰਿਆਂ ਦੀ ਸ਼ਬਦਾਵਲੀ ਬਾ-ਕਮਾਲ ਰਹੀ। ਜਸਵੰਤ ਸਿੰਘ ਸਿੱਧੂ, ਜਗਜੀਤ ਸਿੰਘ ਸੋਹੀ, ਜਸਵੰਤ ਸਿੰਘ ਹੀਰ, ਰਵਿੰਦਰ ਪਾਲ ਸਿੰਘ ਚਾਹਲ, ਮਹਿੰਦਰ ਸਿੰਘ ਸੰਧੂ,ਅਤੇ ਦਲਵੀਰ ਕੌਰ ਕੰਗ ਨੇ ਆਪੋ ਆਪਣੀਆਂ ਡਿਊਟੀਆਂ ਬਾਖੂਬੀ ਨਿਭਾਈਆਂ। ਸਟੇਜ ਦੀ ਸਮੁੱਚੀ ਕਾਰਵਾਈ ਗੁਰਮੇਲ ਸਿੰਘ ਸੰਧੂ ਨੇ ਸੰਭਾਲੀ ਹੋਈ ਸੀ। ਇਸ ਮੌਕੇ ਚਾਹ ਪਾਣੀ ਦਾ ਪੂਰਾ ਪ੍ਰਬੰਧ ਸੀ।

# ਦੋ ਸੜ੍ਹਕ ਹਾਦਸਿਆਂ ਦੌਰਾਨ ਦੋ ਜਾਨਾਂ ਚਲੀਆਂ ਗਈਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਪੁਲਿਸ ਵੱਲੋਂ ਬੀਤੇ ਦਿਨੀ ਹੋਈਆਂ ਦੋ ਵੱਖ-ਵੱਖ ਸੜ੍ਹਕ ਦੁਰਘਟਨਾਵਾਂ ਦੀ ਜਾਂਚ ਕੀਤੀ ਜਾ ਰਹੀ ਹੈ ਜਿਸ ਵਿੱਚ ਦੋ ਲੋਕਾਂ ਦੀ ਮੌਤ ਹੋ ਗਈ ਸੀ। ਪਹਿਲੀ ਦੁਰਘਟਨਾ 24 Street SW and Bridlecrest Way SW ਵਾਪਰੀ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਕਾਰ,ਨੂੰ 40 ਸਾਲਾਂ ਦੀ ਇੱਕ ਔਰਤ ਚਲਾ ਰਹੀ ਸੀ। ਜਿਉਂ ਹੀ ਉਸਦੀ ਕਾਰ ਨੇ ਦੂਸਰ ਪਾਸਿਓਂ ਆ ਰਹੀ ਬੱਸ ਦੇ ਰਸਤੇ ਨੂੰ ਪਾਰ ਕਰਨ ਦੀ ਕੋਸਿਸ਼ ਕੀ ਤਾਂ ਉਹ ਬੱਸ ਦੇ ਅਗਲੇ ਹਿੱਸੇ ਨਾਲ ਟਕਰਾ ਗਈ । ਅਤੇ ਉਸ ਕਾਰ ਚਾਲਕ ਔਰਤ ਦੀ ਮੌਕੇ ਉੱਪਰ ਹੀ ਮੌਤ ਹੋ ਗਈ ਪਰ ਬੱਸ ਦੇ ਡਰਾਈਵਰ ਅਤੇ ਸਵਾਰੀਆਂ ਨੂੰ ਕੋਈ ਸੱਟ ਨਹੀਂ ਲੱਗੀ। ਦੂਸਰੀ ਸੜਕ ਦੁਰਘਟਨਾ ਇੱਕ ਪੈਦਲ ਯਾਤਰੀ ਨਾਲ ਉਸ ਸਮੇ ਵਾਪਰੀ ਹੈ ਜਦੋਂ ਉਹ ਚਾਰਲਸਵੁੱਡ ਡਰਾਈਵ ਨਾਰਥਵੈਸਟ ਉੱਪਰ ਅਣ ਅਧਿਕਾਰਤ ਕਰਾਸਵਾਕਿੰਗ ਵਾਲੀ ਜਗਾਹ ਉੱਪਰੋਂ ਸੜਕ ਨੂੰ ਪਾਰ ਕਰ ਰਿਹਾ ਸੀ ਤਾਂ ਉਸ ਨੂੰ ਇੱਕ ਐਸ ਯੂ ਵੀ ਨੇ ਟੱਕਰ ਮਾਰ ਦਿੱਤੀ। ਮੌਕੇ ਉੱਪਰ ਉਸ ਦੀ ਜਾਨ ਬਚਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਉਕਤ ਵਿਅਕਤੀ ਨੂੰ ਬਚਾਇਆ ਨਾ ਜਾ ਸਕਿਆ। ਪੁਲਿਸ ਦਾ ਕਹਿਣਾ ਹੈ ਕਿ ਗੱਡੀ ਦਾ ਡਰਾਈਵਰ ਮੌਕੇ ਉੱਪਰ ਹਾਜਿਰ ਰਿਹਾ ਅਤੇ ਉਸ ਨੂੰ ਕੋਈ ਸੱਟ ਨਹੀਂ ਲੱਗੀ। ਪੁਲਿਸ ਦਾ ਕਹਿਣਾ ਹੈ ਕਿ ਜਿਸ ਕਿਸੇ ਨੇ ਵੀ ਇਹਨਾਂ ਘਟਨਾਵਾਂ ਨੂੰ ਦੇਖਿਆ ਜਾਂ ਉਹਨਾਂ ਕੋਲ ਡੈਸ਼ਕੈਮ ਦੀ ਫੁਟੇਜ ਹੈ,ਤਾਂ ਉਹ ਪੁਲਿਸ ਜਾਂ ਕ੍ਰਾਈਮ ਸਟੋਪਰਾਂ ਤੱਕ ਪਹੁੰਚ ਕਰਨ ਤਾਂ ਕਿ ਇਹਨਾਂ ਹਾਦਸਿਆਂ ਦੀ ਜਾਂਚ ਵਿੱਚ ਨਿਪੱਖਤਾ ਸਾਹਮਣੇ ਆ ਸਕੇ।

# ਨਵੀਂ ਜਾਣਕਾਰੀ-ਮਾਮਲਾ ਨਸ਼ੇ ਵਾਲੀ ਹਨੀ ਬੀਅਰ ਦਾ

## ਇੰਡੀਆ ਤੋਂ ਆਇਆ ਨਾਰੀਅਲ ਪਾਣੀ, ਕੈਨੇਡਾ ਤੋਂ ਹਨੀ ਬੀਅਰ ਅਤੇ ਅਮਰੀਕਾ ਤੋਂ ਕੋਮਬੂਚਾ

**28,000 ਹਨੀ ਬੀਅਰ ਦੇ ਕੈਨ, 22,680 ਬੋਤਲਾਂ ਕੋਮਬੂਚਾ ਅਤੇ 1440 ਕੈਨ ਨਾਰੀਅਲ ਪਾਣੀ ਦੇ ਵਿਚ ਮਿਲਿਆ ਸੀ ਨਸ਼ਾ**

ਔਕਲੈਂਡ,(ਹਰਜਿੰਦਰ ਸਿੰਘ ਬਸਿਆਲਾ)ਪਿਛਲੇ ਸਾਲ ਅਗਸਤ ਮਹੀਨੇ ਨਿਊਜ਼ੀਲੈਂਡ ਪੁਲਿਸ ਨੇ ਇਕ ਵੱਡੀ ਕਾਰਵਾਈ ਕਰਦਿਆਂ 747 ਕਿਲੋਗ੍ਰਾਮ ਦੇ ਤਰਲ ਪਦਾਰਥ ਫੜੇ ਸਨ ਜਿਨ੍ਹਾਂ ਦੇ ਵਿਚ ਨਸ਼ਾ ਮਿਲਾਇਆ ਹੋਇਆ ਸੀ। ਹੁਣ ਇਸ ਸਬੰਧੀ ਹੋਰ ਜਾਣਕਾਰੀ ਮੁਹੱਈਆਂ ਕੀਤੀ ਗਈ ਹੈ। ਇਹ ਵੀ ਕਿਹਾ ਗਿਆ ਹੈ ਕਿ ਜਿਸ ਵਿਅਕਤੀ ਉਤੇ ਦੋਸ਼ ਹਨ, ਉਹ ਦੇਸ਼ ਛੱਡ ਕੇ ਬਾਹਰ ਡੁਬਈ ਨਿਕਲਣ ਦੀ ਤਿਆਰੀ ਵਿਚ ਸੀ।

31 ਸਾਲਾ ਇਸ ਆਦਮੀ, ਦਾ ਨਾਂਅ ਅਜੇ ਗੁਪਤ ਰੱਖਿਆ ਗਿਆ ਹੈ। ਇਸ ਨੇ 'ਐਂਪੀਡ੍ਰੀਨ' ਅਤੇ 'ਮੈਥਾਮਫੇਟਾਮਾਈਨ' ਨੂੰ ਆਯਾਤ ਕਰਨ ਅਤੇ ਮੈਥਾਮਫੇਟਾਮਾਈਨ ਅਤੇ ਕੋਕੇਨ ਨੂੰ ਸਪਲਾਈ ਲਈ ਰੱਖਣ ਦਾ ਦੋਸ਼ ਮੰਨਿਆ ਹੈ। ਇਹ ਦੋਸ਼ 21 ਸਾਲਾ ਨੌਜਵਾਨ 'ਐਡਨ ਸਾਗਲਾ' ਦੀ ਮੌਤ ਤੋਂ ਬਾਅਦ ਕੀਤੀ ਗਈ ਜਾਂਚ ਦੇ ਨਤੀਜੇ ਵਜੋਂ ਆਏ ਹਨ, ਜਿਸ ਨੇ ਮਾਰਚ ਮਹੀਨੇ ਇਹ ਬੀਅਰ ਪੀਤੀ ਸੀ, ਪਰ ਇਹ ਨਸ਼ੇ ਵਾਲੀ ਹੋਣ ਕਰਕੇ ਉਸਦੀ ਮੌਤ ਹੋ ਗਈ ਸੀ। ਉਸ ਦੀ ਮੌਤ ਨੇ ?ਪਰੇਸ਼ਨ ਲੈਵੈਂਡਰ ਨੂੰ ਜਨਮ ਦਿੱਤਾ ਸੀ, ਜੋ ਕਿ ਮੈਥਾਮਫੇਟਾਮਾਈਨ ਆਯਾਤ ਕਰਨ ਦੇ ਦੋਸ਼ਾਂ ਦੀ ਵਿਆਪਕ ਜਾਂਚ ਸੀ, ਅਤੇ ਜਨਤਾ ਨੂੰ ਹਨੀ ਬੇਅਰ ਹਾਊਸ ਬੀਅਰ ਦੇ ਨਾਂਅ ਵਾਲੇ ਕੈਨਾਂ ਨੂੰ ਨਾ ਪੀਣ ਦੀ ਚੇਤਾਵਨੀ ਦਿੱਤੀ ਗਈ ਸੀ, ਜੋ ਕਿ ਇੱਕ ਵਿਲੱਖਣ ਲਾਲ ਅਤੇ ਨੀਲੇ ਐਲਮੀਨੀਅਮ ਦੇ ਕੈਨ ਵਿੱਚ ਪੈਕ ਕੀਤੇ ਗਏ ਸਨ, ਜਿਸ 'ਤੇ ਇੱਕ ਭਾਲੂ ਅਤੇ ਇੱਕ ਮੈਪਲ ਪੱਤੇ ਦੀ ਤਸਵੀਰ ਸੀ। ਸਾਗਲਾ ਬਿਲਕੁਲ ਨਿਰਦੋਸ਼ ਸੀ, ਅਤੇ ਪੁਲਿਸ ਨੇ ਕਿਹਾ ਕਿ ਉਸ ਦਾ ਨਸ਼ੇ ਦੀ ਆਯਾਤ ਵਿੱਚ ਕੋਈ ਭੂਮਿਕਾ ਨਹੀਂ ਸੀ। ਤੱਥਾਂ ਦੇ ਸਾਰ ਵਿੱਚ ਕਿਹਾ ਗਿਆ ਹੈ ਕਿ ਨਸ਼ੇ ਨੂੰ ਨਿਊਜ਼ੀਲੈਂਡ ਵਿੱਚ ਹਨੀ ਬੇਅਰ ਲਾਗਰ ਦੇ ਕੈਨਾਂ ਵਿੱਚ ਘੋਲ ਕੇ ਲਿਆਇਆ ਗਿਆ ਸੀ। ਨਸ਼ੇ ਨੂੰ ਕੋਮਬੂਚਾ ਦੀਆਂ ਬੋਤਲਾਂ ਅਤੇ ਨਾਰੀਅਲ ਪਾਣੀ ਦੇ ਕੈਨਾਂ ਵਿੱਚ ਵੀ ਘੋਲਿਆ ਗਿਆ ਸੀ।

ਕੁੱਲ 28,000 ਹਨੀ ਬੀਅਰ ਦੇ ਕੈਨ ਕੈਨੇਡਾ ਤੋਂ ਭੇਜੇ ਗਏ ਸਨ। ਕੁਝ 22,680 ਬੋਤਲਾਂ ਕੋਮਬੂਚਾ ਲਾਸ ਐਂਜਲਸ ਤੋਂ ਭੇਜੀਆਂ ਗਈਆਂ ਸਨ ਅਤੇ 1440 ਕੈਨ ਨਾਰੀਅਲ ਪਾਣੀ ਨਵੀਂ ਦਿੱਲੀ ਤੋਂ ਆਏ ਸਨ। ਹਨੀ ਬੇਅਰ ਬੀਅਰ ਦੇ ਕੈਨ ਅਤੇ ਕੋਮਬੂਚਾ ਦੀਆਂ ਬੋਤਲਾਂ ਵਿੱਚ ਪਾਣੀ ਵਿੱਚ ਘੁਲਿਆ ਹੋਇਆ ਮੈਥਾਮਫੇਟਾਮਾਈਨ ਸੀ। ਇਹ ਨਸ਼ਾ ਮਿਲਾਏ ਹੋਏ ਪੀਣ ਵਾਲੇ ਪਦਾਰਥਾਂ ਨੂੰ ਵੱਡੀ ਗਿਣਤੀ ਵਿੱਚ ਇੱਕੋ ਜਿਹੇ ਲੇਬਲ ਵਾਲੇ ਹਨੀ ਬੇਅਰ ਬੀਅਰ ਦੇ ਕੈਨ ਅਤੇ ਕੋਮਬੂਚਾ ਦੀਆਂ ਬੋਤਲਾਂ ਵਿੱਚ ਪੈਕ ਕੀਤਾ ਗਿਆ ਸੀ, ਜੋ ਕਿ ਕਾਨੂੰਨੀ ਤੌਰ 'ਤੇ ਬੀਅਰ ਜਾਂ ਕੋਮਬੂਚਾ ਵਾਂਗ ਲਗਦੇ ਸਨ। ਤੱਥਾਂ ਦੇ ਸਾਰ ਵਿੱਚ ਕਿਹਾ ਗਿਆ ਹੈ ਕਿ ਇਹ ਕਾਨੂੰਨੀ ਏਜੰਸੀਆਂ ਦੁਆਰਾ ਪਤਾ ਲਗਾਉਣ ਤੋਂ ਬਚਣ ਲਈ ਕੀਤਾ ਗਿਆ ਸੀ। ਇਹੀ ਤਰੀਕਾ ਨਾਰੀਅਲ ਪਾਣੀ ਦੇ ਕੈਨਾਂ ਨਾਲ ਵੀ ਵਰਤਿਆ ਗਿਆ ਸੀ - ਕੁਝ ਵਿੱਚ ਐਫੇਡ੍ਰਿਨ ਸੀ, ਕੁਝ ਵਿੱਚ ਮੈਥਾਮਫੇਟਾਮਾਈਨ ਸੀ, ਅਤੇ ਕੁਝ ਵਿੱਚ ਅਸਲ ਨਾਰੀਅਲ ਪਾਣੀ ਸੀ। ਮੁਲਜ਼ਮ ਨੂੰ ਆਕਲੈਂਡ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਗ੍ਰਿਫਤਾਰ ਕੀਤਾ ਗਿਆ ਜਦੋਂ ਉਹ ਦੁਬਈ ਲਈ ਉਡਾਣ ਭਰਨ ਦੀ ਉਡੀਕ ਕਰ ਰਿਹਾ ਸੀ। ਜਦੋਂ ਉਸ ਦੇ ਕਾਲੇ ਚਮੜੇ ਦੇ ਬੈਕਪੈਕ ਦੀ ਤਲਾਸ਼ੀ ਲਈ ਗਈ, ਤਾਂ ਪੁਲਿਸ ਨੂੰ 10,000 ਡਾਲਰ ਤੋਂ ਵੱਧ ਦੇ 20, 50 ਅਤੇ 100 ਡਾਲਰ ਦੇ ਨੋਟ ਮਿਲੇ। ਉਹਨਾਂ ਨੂੰ ਇੱਕ ਮੋਬਾਈਲ ਫੋਨ ਵੀ ਮਿਲਿਆ ਜਿਸ ਵਿੱਚ ਮੈਥਾਮਫੇਟਾਮਾਈਨ ਦੇ ਕ੍ਰਿਸਟਲ ਰੂਪ ਵਾਲੀਆਂ ਤਸਵੀਰਾਂ ਸਨ। ਪੁਲਿਸ ਨੇ ਫਿਰ ਆਕਲੈਂਡ ਦੇ ਮੈਨੂਕਾਊ ਇਲਾਕੇ ਵਿੱਚ ਇੱਕ ਯੂਨਿਟ 'ਤੇ ਤਲਾਸ਼ੀ ਵਾਰੰਟ ਜਾਰੀ ਕੀਤਾ। ਜਿਸ ਅੰਦਰ, ਉਹਨਾਂ ਨੂੰ 39 ਲੱਕੜ ਦੇ ਪੈਲੇਟ ਮਿਲੇ ਜੋ ਬਕਸਿਆਂ ਨਾਲ ਭਰੇ ਹੋਏ ਸਨ। ਬਕਸਿਆਂ ਅਤੇ ਸਮੱਗਰੀ ਨੂੰ ਹਨੀ ਬੇਅਰ ਬੀਅਰ (ਕੈਨ), ਕੋਮਬੂਚਾ (ਬੋਤਲਾਂ) ਅਤੇ ਨਾਰੀਅਲ ਪਾਣੀ (ਕੈਨ) ਦੇ ਨਾਂਅ ਨਾਲ ਲੇਬਲ ਕੀਤਾ ਗਿਆ ਸੀ। ਕਈ ਬੋਤਲਾਂ ਅਤੇ ਕੈਨਾਂ ਵਿੱਚ ਪਾਣੀ ਵਿੱਚ ਘੁਲਿਆ ਹੋਇਆ ਮੈਥਾਮਫੇਟਾਮਾਈਨ ਸੀ।

ਪੁਲਿਸ ਦਾ ਦਾਅਵਾ ਹੈ ਕਿ ਯੂਨਿਟ ਦੀ ਵਰਤੋਂ ਤਰਲ ਮੈਥ ਨੂੰ ਕ੍ਰਿਸਟਲ ਰੂਪ ਵਿੱਚ ਬਣਾਉਣ ਲਈ ਕੀਤੀ ਜਾਂਦੀ ਸੀ। ਯੂਨਿਟ ਦੀ ਫੋਰੈਂਸਿਕ ਜਾਂਚ ਦੌਰਾਨ, ਪੁਲਿਸ ਨੂੰ ਐਸੀਟੋਨ ਦੀਆਂ ਬੋਤਲਾਂ ਅਤੇ ਮੈਥਾਮਫੇਟਾਮਾਈਨ ਦੇ ਕ੍ਰਿਸਟਲਾਈਜ਼ਿੰਗ ਵਿੱਚ ਸਹਾਇਕ ਸਾਜ਼ੋ-ਸਾਮਾਨ 'ਤੇ ਮੁਲਜ਼ਮ ਦੇ ਫਿੰਗਰਪ੍ਰਿੰਟ ਮਿਲੇ। ਉਸ ਦੇ ਫਿੰਗਰਪ੍ਰਿੰਟ (ਉਂਗਲਾਂ ਦੇ ਨਿਸ਼ਾਨ) ਇੱਕ ਹਰੀ ਬਾਲਟੀ, ਇੱਕ ਕੱਚ ਦੇ ਜੱਗ ਅਤੇ ਇੱਕ ਪਲਾਸਟਿਕ ਦੇ ਕੱਪ 'ਤੇ ਵੀ ਮਿਲੇ। ਜਦੋਂ ਪੁਲਿਸ ਨੇ ਮੁਲਜ਼ਮ ਦੇ ਘਰ 'ਤੇ ਛਾਪਾ ਮਾਰਿਆ, ਤਾਂ ਉਹਨਾਂ ਨੂੰ ਉਸ ਦੀ ਕਾਰ ਦੇ ਬੂਟ ਵਿੱਚ 50 ਡਾਲਰ ਅਤੇ 100 ਡਾਲਰ ਦੇ ਨੋਟਾਂ ਦੇ 13 ਬੰਡਲ ਮਿਲੇ, ਜੋ ਕੁੱਲ 121,600 ਡਾਲਰ ਬਣਦੇ ਸਨ। ਇੱਕ ਹੋਰ ਵਾਹਨ ਵਿੱਚ, ਉਹਨਾਂ ਨੂੰ 72 ਬੋਤਲਾਂ ਕੋਮਬੂਚਾ ਮਿਲੀਆਂ ਜੋ ਮੈਨੂਕਾਊ ਵਿੱਚ ਯੂਨਿਟ 'ਤੇ ਮਿਲੀਆਂ ਬੋਤਲਾਂ ਨਾਲ ਮਿਲਦੀਆਂ ਸਨ। ਪੁਲਿਸ ਨੂੰ ਕਾਲੇ ਕੂੜੇ ਦੇ ਬੈਗ ਮਿਲੇ ਜਿਨ੍ਹਾਂ ਵਿੱਚ ਖੁੱਲ੍ਹਾ ਮੈਥਾਮਫੇਟਾਮਾਈਨ ਸੀ, ਅਤੇ ਸਨੈਪ ਲਾਕ ਬੈਗ ਜਿਨ੍ਹਾਂ ਵਿੱਚ ਨਸ਼ਾ ਸੀ। ਪੁਲਿਸ ਨੂੰ 42816 ਕਿਲੋਗ੍ਰਾਮ ਤਰਲ ਪਦਾਰਥ ਵੀ ਮਿਲਿਆ ਜਿਸ ਵਿੱਚ 26017 ਤੋਂ 34018 ਕਿਲੋਗ੍ਰਾਮ ਮੈਥਾਮਫੇਟਾਮਾਈਨ ਪਾਣੀ ਵਿੱਚ ਘੁਲਿਆ ਹੋਇਆ ਸੀ। ਇਹ ਤਰਲ ਹਨੀ ਬੇਅਰ ਬੀਅਰ ਦੇ ਕੈਨਾਂ, ਕੋਮਬੂਚਾ ਦੀਆਂ ਬੋਤਲਾਂ ਅਤੇ ਨਾਰੀਅਲ ਪਾਣੀ ਦੇ ਕੈਨਾਂ ਤੋਂ ਨਿਕਾਲਿਆ ਗਿਆ ਸੀ। ਜਾਂਚ ਦੇ ਦੌਰਾਨ, ਪੁਲਿਸ ਨੇ ਮੈਨੂਕਾਊ ਵਿੱਚ ਕੁੱਲ 747 ਕਿਲੋਗ੍ਰਾਮ ਮੈਥਾਮਫੇਟਾਮਾਈਨ ਜ਼ਬਤ ਕਰਨ ਦੀ ਰਿਪੋਰਟ ਕੀਤੀ। ਇਸਦੀ ਕੀਮਤ ਸੈਂਕੜੇ ਮਿਲੀਅਨ ਡਾਲਰਾਂ ਵਿੱਚ ਹੋਵੇਗੀ।

# ਮਲਟੀਕਲਚਰਲ ਸੀਨੀਅਰ ਸੋਸਾਇਟੀ ਨੇ ਬਿੱਕਰ ਸਿੰਘ ਸੰਧੂ ਨੂੰ ਸੋਨੇ ਦੀ ਅੰਗੂਠੀ ਨਾਲ ਸਨਮਾਨਿਤ ਕੀਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)- ਮਲਟੀਕਲਚਰਲ ਸੀਨੀਅਰ ਸੋਸਾਇਟੀ ਵੱਲੋਂ 5 ਅਕਤੂਬਰ ਨੂੰ ਮਿਲਣੀ ਦੌਰਾਨ ਪ੍ਰਧਾਨਗੀ ਮੰਡਲ ਵਿੱਚ ਮੁੱਖ ਮਹਿਮਾਨ ਬਿੱਕਰ ਸਿੰਘ ਸੰਧੂ ਜੀ ਤੋਂ ਇਲਾਵਾ ਸੋਸਾਇਟੀ ਦੇ ਪ੍ਰਧਾਨ ਜੁਗਿੰਦਰ ਸਿੰਘ ਜੌੜਾ,ਵਾਈਸ ਪ੍ਰਧਾਨ ਸੁਖਦੇਵ ਸਿੰਘ ਕੈਂਬੋ ਤੇ ਕੈਸ਼ੀਅਰ ਬੂਟਾ ਸਿੰਘ ਮੱਲ੍ਹੀ ਸ਼ਾਮਲ ਹੋਏ । ਸਹਾਇਕ ਸਕੱਤਰ ਜ਼ੀਰ ਸਿੰਘ ਬਰਾੜ ਦੇ ਸੱਦੇ ਉੱਪਰ ਮੇਜਰ ਸਿੰਘ ਧਾਲੀਵਾਲ ਨੇ ਬਿੱਕਰ ਸਿੰਘ ਦੇ ਜੀਵਨ , ਸਿੱਖਿਆ ਅਤੇ ਕਮਿਊਨਿਟੀ ਪ੍ਰਤੀ ਕੀਤੀਆਂ ਉਨ੍ਹਾਂ ਦੀਆਂ ਸੇਵਾਵਾਂ ਦੀ ਵਿਸਥਾਰ ਨਾਲ ਜਾਣਕਾਰੀ ਦਿੱਤੀ । ਮਾਸਟਰ ਬਚਿੱਤਰ ਸਿੰਘ ਨੇ ਬਿੱਕਰ ਸਿੰਘ ਵੱਲੋਂ ਇੱਕੋ ਸਮੇਂ ਬਹੁਤ ਸਾਰੀਆਂ ਸੁਸਾਇਟੀਆਂ ਦੇ ਮੁਫ਼ਤ ਵਿੱਚ ਕੀਤੇ ਜਾ ਰਹੇ ਅਕਾਊਂਟਿੰਗ ਸਮੇਤ ਹਰੇਕ ਕੰਮ ਬਾਰੇ ਪ੍ਰਸੰਸਾ ਕੀਤੀ ।ਸੋਸਾਇਟੀ ਦੇ ਸਾਬਕਾ ਪ੍ਰਧਾਨ ਸੁਖਦੇਵ ਸਿੰਘ ਜੱਸਲ ਨੇ ਬਿੱਕਰ ਸਿੰਘ ਵੱਲੋਂ ਸੁਸਾਇਟੀ ਨੂੰ ਮੁੜ ਤੋਂ ਸਹੀ ਲੀਹਾਂ ਤੇ ਲਿਆਉਣ ਲਈ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ । ਗੁਰਬਚਨ ਸਿੰਘ ਬਰਾੜ ਨੇ ਬਿੱਕਰ ਸਿੰਘ ਵੱਲੋਂ ਸੀਨੀਅਰਜ਼ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ । ਜ਼ੀਰ ਸਿੰਘ ਬਰਾੜ ਨੇ ਵੀ ਬਿੱਕਰ ਸਿੰਘ ਦੀਆਂ ਸਮਾਜ ਸੇਵੀ ਗਤੀਵਿਧੀਆਂ ਦਾ ਜ਼ਿਕਰ ਕੀਤਾ ਤੇ ਸਨਮਾਨ ਦੀ ਰਸਮ ਸ਼ੁਰੂ ਕਰਨ ਲਈ ਪ੍ਰਧਾਨ ਨੂੰ ਬੇਨਤੀ ਕੀਤੀ ।ਸੁਸਾਇਟੀ ਵੱਲੋਂ ਬਿੱਕਰ ਸਿੰਘ ਸੰਧੂ ਨੂੰ ਇੱਕ ਸ਼ਾਲ ਤੇ ਯਾਦਗਾਰੀ ਚਿੰਨ੍ਹ ਭੇਂਟ ਕੀਤੇ ਗਏ । ਸਭਾ ਦੇ ਕੁੱਝ ਮੈਂਬਰਾਂ ਵੱਲੋਂ ਬਿੱਕਰ ਸਿੰਘ ਨੂੰ ਇੱਕ ਸੋਨੇ ਦੀ ਅੰਗੂਠੀ ਵੀ ਪਹਿਨਾਈ ਗਈ । ਬਿੱਕਰ ਸਿੰਘ ਨੇ ਇਸ ਮੌਕੇ ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸੋਸਾਇਟੀ ਦਾ ਬਹੁਤ ਨਿਮਰਤਾ ਨਾਲ ਧੰਨਵਾਦ ਕੀਤਾ ਅਤੇ ਨਾਲ ਹੀ ਉਨ੍ਹਾਂ ਨੇ ਪਹਿਲਾਂ ਵਾਂਗ ਹੀ ਕਮਿਊਨਿਟੀ ਪ੍ਰਤੀ ਆਪਣਾ ਯੋਗਦਾਨ ਜ਼ਾਰੀ ਰੱਖਣ ਦਾ ਵਾਅਦਾ ਕੀਤਾ । ਅੰਤ ਵਿੱਚ ਪ੍ਰਧਾਨ ਜੁਗਿੰਦਰ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ ਤੇ ਸਭ ਨੂੰ ਚਾਹ ਪਾਣੀ ਛਕ ਕੇ ਜਾਣ ਦੀ ਬੇਨਤੀ ਕੀਤੀ ਇਸ ਮੌਕੇ ਸੁਸਾਇਟੀ ਦੇ ਮੈਂਬਰਾਂ ਤੋਂ ਇਲਾਵਾ ਕਈ ਹੋਰ ਸੀਨੀਅਰ ਸੁਸਾਇਟੀਆਂ ਦੇ ਮੈਂਬਰ ਅਤੇ ਅਹੁਦੇਦਾਰ ਵੀ ਹਾਜ਼ਰ ਸਨ ।

# ਆਟੋ ਡੀਲਰਸਿੱਪ ਵਾਲੇ ਹੀ ਚੋਰੀ ਦੀਆਂ ਕਾਰਾਂ ਵੇਚੀ ਜਾਂਦੇ ਸੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ )- ਕੈਲਗਰੀ ਆਟੋ ਡੀਲਰਸ਼ਿਪ 'ਤੇ ਕਈ ਚੋਰੀ ਹੋਈਆਂ ਕਾਰਾਂ ਮਿਲਣ ਤੋਂ ਬਾਅਦ ਇੱਕ ਵਿਅਕਤੀ ਬਰੂਕਸ ਸਟੈਲਾ,ਉਮਰ 26, ਨੂੰ ਚਾਰਜ ਕੀਤਾ ਗਿਆ। ਆਰਸੀਐਮਪੀ ਦੀ ਆਟੋ ਥ੍ਰੈਫਟ ਯੂਨਿਟ ਨੇ, ਅਲਬਰਟਾ ਲਾਅ ਇਨਫੋਰਸਮੈਂਟ ਰਿਸਪਾਂਸ ਟੀਮਾਂ, ਏਅਰਡ੍ਰੀ ਆਰਸੀਐਮਪੀ ਅਤੇ ਕੈਲਗਰੀ ਪੁਲਿਸ ਸਰਵਿਸ ਦੀ ਮੱਦਦ ਨਾਲ, 28 ਅਗਸਤ ਨੂੰ 26 ਸਾਲਾ ਬਰੂਕਸ ਸਟੈਲਾ ਨੂੰ ਗ੍ਰਿਫਤਾਰ ਕੀਤਾ ਸੀ। ਜਾਂਚ ਅਧਿਕਾਰੀਆਂ ਨੇ ਪਹਿਲੀ ਵਾਰ 2023 ਵਿੱਚ ਇੰਟਰਨੈਸਨਲ ਮੋਟਰ ਕਾਰ ਦੀ ਜਾਂਚ ਸ਼ੁਰੂ ਕੀਤੀ ਸੀ। ਇਸ ਗਰਮੀਆਂ ਵਿੱਚ,ਪੁਲਿਸ ਨੇ ਕੈਲਗਰੀ ਅਤੇ ਏਅਰਡ੍ਰੀ ਵਿੱਚ ਤਿੰਨ ਸਥਾਨਾਂ 'ਤੇ ਖੋਜ ਵਾਰੰਟਾਂ ਨੂੰ ਲੈਕੇ ਛਾਪਾਮਾਰੀ ਕੀਤੀ , ਜਿਸ ਵਿੱਚ ਵਪਾਰ ਦੀਆਂ ਦੋ ਡੀਲਰਸ਼ਿਪਾਂ ਸ਼ਾਮਲ ਸਨ। ਤਲਾਸ਼ੀ ਦੌਰਾਨ, ਪੁਲਿਸ ਨੇ ਤਿੰਨ ਵਾਹਨ ਬਰਾਮਦ ਕੀਤੇ ਜੋ ਉਨ੍ਹਾਂ ਦਾ ਕਹਿਣਾ ਹੈ ਕਿ ਚੋਰੀ ਹੋਏ ਅਤੇ ਬੋਰ ਦੇ ਫਰਜ਼ੀ ਵਾਹਨ ਪਛਾਣ ਨੰਬਰ ਸਨ। ਆਰਸੀਐਮਪੀ ਨੇ ਇੱਕ ਨਿਊਜ਼ ਰੀਲੀਜ਼ ਵਿੱਚ ਕਿਹਾ, "ਇਹ ਵਾਹਨ ਡੀਲਰਸ਼ਿਪ ਰਾਹੀਂ ਵੇਚੇ ਗਏ ਸਨ ਜਾਂ ਵਿਕਰੀ ਲਈ ਇਸ਼ਤਿਹਾਰ ਦਿੱਤੇ ਗਏ ਸਨ। ਇਸ ਦੇ ਨਾਲ ਹੀ, ਇੱਕ ਵਾਧੂ ਵਾਹਨ ਲੱਭਿਆ ਗਿਆ ਸੀ ਜੋ ਅਪਰਾਧ ਦੀ ਕਮਾਈ ਵੱਜੋਂ ਵੇਚਣ ਲਈ ਤਿਆਰ ਕੀਤਾ ਗਿਆ ਸੀ।

ਕਾਰੋਬਾਰ ਦੀ ਮਾਲਕ, ਸਟੈਲਾ ਉੱਪਰ ਮਨੀ ਲਾਂਡਰਿੰਗ, ਤਸਕਰੀ ਦੇ ਉਦੇਸ਼ ਲਈ ਅਪਰਾਧ ਦੁਆਰਾ ਪ੍ਰਾਪਤ ਕੀਤੀ ਜਾਇਦਾਦ 'ਤੇ ਕਬਜ਼ਾ, $5,000 ਤੋਂ ਵੱਧ ਦੀ ਧੋਖਾਧੜੀ, ਅਪਰਾਧ ਦੁਆਰਾ ਪ੍ਰਾਪਤ ਕੀਤੀ ਜਾਇਦਾਦ ਦਾ ਕਬਜ਼ਾ, ਅਪਰਾਧ ਦੁਆਰਾ ਪ੍ਰਾਪਤ ਕੀਤੀ ਜਾਇਦਾਦ ਵਿੱਚ ਤਸਕਰੀ ਦੇ ਦੋ ਮਾਮਲਿਆਂ ਅਤੇ ਜਾਅਲਸਾਜ਼ੀ ਦੇ ਦੋਸ਼ ਲਗਾਏ ਗਏ ਹਨ। ਪੁਲਿਸ ਦਾ ਕਹਿਣਾ ਹੈ ਕਿ ਉਹ ਕੈਲਗਰੀ ਦੇ ਇੰਟਰਨੈਸ਼ਨਲ ਮੋਟਰ ਕਾਰਾਂ ਦੇ ਗਾਹਕਾਂ ਨਾਲ ਸੰਪਰਕ ਕਰਨ ਲਈ ਅਲਬਰਟਾ ਮੋਟਰ ਵਹੀਕਲ ਇੰਡਸਟਰੀ ਕੌਂਸਿਲ ਦੇ ਸੰਪਰਕ ਵਿੱਚ ਹਨ ਜਿਨ੍ਹਾਂ ਨੇ ਅਣਜਾਣੇ ਵਿੱਚ ਕਾਰੋਬਾਰ ਤੋਂ ਚੋਰੀ ਕੀਤੀ ਗੱਡੀ ਖਰੀਦੀ ਹੈ।

# ਕੈਨੇਡਾ ਦੀ ਫੀਲਡ ਹਾਕੀ ਡਿਵੈਲਪਮੈਂਟ ਟੀਮ ਵਿੱਚ ਚਾਰ ਪੰਜਾਬਣਾਂ ਸ਼ਾਮਲ ਹੋਈਆਂ



ਪਰਮਦੀਪ ਗਿੱਲ

ਪਰਵਾ ਸੰਧੂ

ਪ੍ਰਭਲੀਨ ਗਰੇਵਾਲ

ਬਵਨੀਤ ਹੋਠੀ

ਕੈਲਗਰੀ(ਪੰਜਾਬੀ ਅਖਬਾਰ ਬਿਊਰੋ)-ਜਪਾਨ ਦੇ ਦੌਰੇ ਤੇ ਜਾ ਰਹੀ ਕੈਨੇਡਾ ਦੀਆਂ ਕੁੜੀਆਂ ਦੀ ਸੀਨੀਅਰ ਡਿਵੈਲਪਮੈਂਟ ਟੀਮ ਵਿੱਚ ਚਾਰ ਪੰਜਾਬੀ ਮੂਲ ਦੀਆਂ ਕੁੜੀਆਂ ਨੂੰ ਜਗ੍ਹਾ ਮਿਲੀ ਹੈ ।ਪਰਮਦੀਪ ਗਿੱਲ,ਪਰਵਾ ਸੰਧੂ,ਪ੍ਰਭਲੀਨ ਗਰੇਵਾਲ ਅਤੇ ਬਵਨੀਤ ਹੋਠੀ ਨੂੰ ਇਸ ਟੀਮ ਵੱਲੋਂ ਖੇਡਣ ਦਾ ਮੌਕਾ ਮਿਲੇਗਾ ।ਫੀਲਡ ਹਾਕੀ ਕੈਨੇਡਾ ਟੀਮ ਦੀ ਘੋਸ਼ਣਾ ਦੇ ਨਾਲ਼ ਹੀ ਇਹ ਵੀ ਐਲਾਨ ਕੀਤਾ ਗਿਆ ਹੈ ਕਿ ਇਸ ਟੀਮ ਵਿੱਚ 23 ਸਾਲ ਤੋਂ ਘੱਟ ਉਮਰ ਦੀਆਂ ਖਿਡਾਰਨਾਂ ਨੂੰ ਮੌਕਾ ਦਿੱਤਾ ਗਿਆ ਤਾਂ ਕਿ ਭਵਿੱਖ ਲਈ ਸੀਨੀਅਰ ਟੀਮ ਤਿਆਰ ਕਰਨ ਦੀਆਂ ਸੰਭਾਵਨਾਵਾਂ ਨੂੰ ਤਰਾਸ਼ਿਆ ਜਾ ਸਕੇ। ਗੋਲਕੀਪਰ ਪਰਮਦੀਪ ਗਿੱਲ ਬ੍ਰਹਮਟਨ ਤੋਂ ਹੈ ਅਤੇ ਹਾਕੀ ਨੂੰ ਸਮਰਪਿਤ ਪਰਿਵਾਰ ਦੀ ਬੇਟੀ ਹੈ ।ਕੈਨੇਡਾ ਦੇ ਨੈਸ਼ਨਲ ਪੱਧਰ ਦੇ ਟੂਰਨਾਮੈਂਟਾਂ ਤੋਂ ਇਲਾਵਾ ਯੂਨੀਵਰਸਿਟੀ ਸੀਜ਼ਨ ਵਿੱਚ ਪਰਮਦੀਪ ਬਹੁਤ ਹੀ ਵਧੀਆ ਖੇਡ ਦਿਖਾ ਚੁੱਕੀ ਹੈ ।ਇਸ ਤੋਂ ਪਹਿਲਾਂ ਪਰਮਦੀਪ ਨੇ ਸਾਲ 2023 ਵਿੱਚ ਇਨਡੋਰ ਵਿਸ਼ਵ ਕੱਪ ਵਿੱਚ ਕੈਨੇਡਾ ਵੱਲੋਂ ਭਾਗ ਲਿਆ ਸੀ ।ਪਰਵਾ ਸੰਧੂ ਸਰੀ ਦੇ ਇੰਡੀਆ ਕਲੱਬ ਤੋਂ ਹੈ ਅਤੇ ਫੀਲਡ ਹਾਕੀ ਨੂੰ ਸਮਰਪਿਤ ਪਰਿਵਾਰ ਨਾਲ਼ ਸੰਬੰਧ ਰੱਖਦੀ ਹੈ ।ਪਰਵਾ ਦੀ ਵੱਡੀ ਭੈਣ ਪੂਨਮ ਸੰਧੂ ਤੇ ਪਿਤਾ ਉਲੰਪੀਅਨ ਨਿੱਕ ਸੰਧੂ ਤੋਂ ਹਰ ਖੇਡ ਪ੍ਰੇਮੀ ਜਾਣੂੰ ਹੈ ।ਪਰਵਾ ਨੇ ਇਸ ਤੋਂ ਪਹਿਲਾਂ 2023 ਦੇ ਵਿਸ਼ਵ ਕੱਪ ਵਿੱਚ ਭਾਗ ਲਿਆ ਸੀ ।ਪ੍ਰਭਲੀਨ ਗਰੇਵਾਲ ਕੈਲਗਰੀ ਦੇ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਵੱਲੋਂ ਫੀਲਡ ਹਾਕੀ ਪੁਜ਼ੀਸ਼ਨ ਤੇ ਖੇਡਦੀ ਹੈ ।ਪ੍ਰਭਲੀਨ ਦਾ ਪਰਿਵਾਰਕ ਪਿਛੋ

## ਸੰਪਾਦਕੀ

ਅਗਲੇ ਕਦਮ ਲਈ ਸਦਭਾਵਨਾ ਲਾਜ਼ਿਮ ਹੈ।
- ਸੈਲੂਸਟ

# ਕਨੇਡਾ-ਇੰਡੀਆ ਦੇ ਸਬੰਧਾਂ ਲਈ ਸੂਈ ਧਾਗੇ ਦੀ ਲੋੜ

ਬੀਤੇ ਸਾਲ ਤੋਂ ਲੈਕੇ ਕਨੇਡਾ ਇੰਡੀਆ ਦੇ ਸਬੰਧਾਂ ਵਿੱਚ ਤਰੇੜਾ ਦਿਨ ਬਦਿਨ ਵੱਧਦੀਆਂ ਹੀ ਜਾਂਦੀਆਂ ਹਨ। ਬੀਤੇ ਸਮੇਂ ਦੌਰਾਨ ਜਦੋਂ ਕਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਮੁਲਕ ਦੀ ਪਾਰਲੀਆਮੈਂਟ ਵਿੱਚ ਖੜੇ ਹੋਕੇ ਬਿਲਕੁੱਲ ਸਿੱਧੇ ਰੂਪ ਵਿੱਚ ਇੰਡੀਆਂ ਉੱਪਰ ਇਹ ਦੋਸ਼ ਲਗਾਇਆ ਸੀ ਕਿ ਇੰਡੀਆ, ਕਨੇਡੀਅਨ ਨਾਗਰਿਕਾਂ ਦੀ ਹੱਤਿਆ ਕਰ ਰਿਹਾ ਹੈ ਤਾਂ ਇਸ ਗੱਲ ਤੋਂ ਇੰਡੀਆ ਭੜਕ ਉਠਿਆ ਸੀ ਅਤੇ ਉਸਨੇ ਵੀ ਬਦਲੇ ਦੀ ਕਾਰਵਾਈ ਕਰਦਿਆਂ ਕਨੇਡੀਅਨ ਡਿਪਲੋਮੈਟਿਕ ਅਧਿਕਾਰੀ ਨੂੰ ਇੰਡੀਆ ਵਿੱਚੋਂ ਚਲੇ ਜਾਣ ਲਈ ਕਹਿ ਦਿੱਤਾ ਸੀ। ਇਹਨਾਂ ਘਟਨਾਵਾਂ ਵਿੱਚ ਕਨੇਡਾ ਦਾ ਗੁਆਂਢੀ ਮੁਲਕ ਅਮਰੀਕਾ ਵੀ ਬੋਲ ਉਠਿਆ ਕਿ ਇੰਡੀਆ ਦੇ ਕੁੱਝ ਅਧਿਕਾਰੀ ਕਨੇਡਾ ਦੇ ਨਾਲ ਨਾਲ ਅਮਰੀਕਨ ਨਾਗਰਿਕਾਂ ਨੂੰ ਮਾਰਨ ਦੀ ਯੋਜਨਾ ਦੀਆਂ ਘਾੜਤਾਂ ਘੜਨ ਵਿੱਚ ਵੀ ਸਾਮਿਲ ਹਨ ਜਿਸ ਤਹਿਤ ਉਸਨੇ ਇੱਕ ਸ਼ੱਕੀ ਨੂੰ ਫੜਕੇ ਜਾਂਚ ਲਈ ਅਮਰੀਕਾ ਵੀ ਲੈ ਆਂਦਾ। ਹੁਣ ਬੀਤੇ ਸੋਮਵਾਰ ਕਨੇਡਾ ਨੇ ਜਾਂਚ ਦੀ ਕਾਰਵਾਈ ਨੂੰ ਅੱਗੇ ਤੋਰਦਿਆਂ ਛੇ ਇੰਡੀਅਨ ਡਿਪਲੋਮੇਟ ਨੂੰ ਕਨੇਡਾ ਛੱਡ ਜਾਣ ਅਤੇ ਫਿਰ ਭਵਿੱਖ ਵਿੱਚ ਕਨੇਡਾ ਵੱਲ ਮੂੰਹ ਨਾ ਕਰਨ ਦੀ ਹਿਦਾਇਤ ਕਰਦਿਆਂ ਕਿਹਾ ਕਿ ਇਹ ਅਧਿਕਾਰੀ ਕਨੇਡੀਅਨ ਜਾਂਚ ਟੀਮ ਆਰ ਸੀ ਐਮ ਪੀ ਨੂੰ ਕੋਈ ਵੀ ਸਹਿਯੋਗ ਨਹੀਂ ਦੇ ਰਹੇ। ਇਸ ਲਈ ਇਹਨਾਂ ਨੂੰ ਮੁਲਕ ਤੋਂ ਬਾਹਰ ਦਾ ਰਸਤਾ ਦਿਖਾਉਣਾ ਪਿਆ ਤਾਂ ਬਦਲੇ ਦੀ ਕਾਰਵਾਈ ਕਰਦਿਆਂ ਇੰਡੀਆ ਨੇ ਵੀ ਛੇ ਕਨੇਡੀਅਨ ਡਿਪਲੋਮੇਟ ਨੂੰ ਮੁਲਕ ਛੱਡ ਜਾਣ ਦੀ ਹਿਦਾਇਤ ਕਰ ਦਿੱਤੀ। ਉਪਰੰਤ ਕਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬਿਆਨ ਜਾਰੀ ਕੀਤਾ ਕਿ "ਅਸੀਂ ਕੈਨੇਡਾ ਦੀ ਧਰਤੀ 'ਤੇ ਕੈਨੇਡੀਅਨ ਨਾਗਰਿਕਾਂ ਨੂੰ ਧਮਕਾਉਣ ਅਤੇ ਮਾਰਨ ਵਿੱਚ ਵਿਦੇਸ਼ੀ ਸਰਕਾਰ ਦੀ ਸ਼ਮੂਲੀਅਤ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰਾਂਗੇ । ਇਹ ਕੈਨੇਡਾ ਦੀ ਪ੍ਰਭੂਸੱਤਾ ਅਤੇ ਅੰਤਰਰਾਸ਼ਟਰੀ ਕਾਨੂੰਨ ਦੀ ਡੂੰਘੀ ਅਸਵੀਕਾਰਨਯੋਗ ਉਲੰਘਣਾ ਹੈ। ਇੱਕ ਮੁਲਕ ਦਾ ਪ੍ਰਧਾਨ ਮਤਰੀ ਹੋਣ ਦੇ ਉਹ ਆਪਣੀ ਜਿੰਮੇਬਾਰੀ ਨਿਭਾਅ ਰਹੇ ਹਨ। ਕਨੇਡਾ ਦੀ ਵਿਰੋਧੀ ਧਿਰ ਦੇ ਆਗੂ ਪੀਅਰੇ ਪੋਲੀਵਰ ਦਾ ਬਿਆਨ ਵੀ ਰਾਜਨੀਤੀ ਦੀ ਚਾਸਣੀ ਵਿੱਚ ਲਬਰੇਜ ਹੋਕੇ ਆਇਆ ਹੈ ਕਿ "ਭਾਰਤ ਸਮੇਤ ਕਿਸੇ ਵੀ ਦੇਸ਼ ਦਾ ਕੋਈ ਵੀ ਵਿਦੇਸ਼ੀ ਦਖਲ ਅਸਵੀਕਾਰਨਯੋਗ ਹੈ ਅਤੇ ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ। ਸਾਡੀ ਸਰਕਾਰ ਦਾ ਪਹਿਲਾ ਕੰਮ ਸਾਡੇ ਨਾਗਰਿਕਾਂ ਨੂੰ ਵਿਦੇਸ਼ੀ ਖਤਰਿਆਂ ਤੋਂ ਸੁਰੱਖਿਅਤ ਰੱਖਣਾ ਹੈ। ਪਰ "ਨੌ ਸਾਲਾਂ ਤੋਂ ਲਿਬਰਲ ਸਰਕਾਰ ਸਾਡੇ ਲੋਕਾਂ ਨੂੰ ਸੁਰੱਖਿਅਤ ਰੱਖਣ ਜਾਂ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ੀ ਦਖਲਅੰਦਾਜ਼ੀ ਨੂੰ ਗੰਭੀਰਤਾ ਨਾਲ ਲੈਣ ਵਿੱਚ ਅਸਫਲ ਰਹੀ ਹੈ। ਇਸ ਕਰਕੇ, ਕੈਨੇਡਾ ਇਹਨਾਂ ਗਤੀਵਿਧੀਆਂ ਲਈ ਇੱਕ ਖੇਡ ਦਾ ਮੈਦਾਨ ਬਣ ਗਿਆ ਹੈ।"ਇੰਡੀਅਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੋਰੀ ਆਖ ਰਹੇ ਹਨ ਕਿ ਇਸ ਸਾਰਾ ਕੁੱਝ ਕਨੇਡੀਅਨ ਰਾਜਨੀਤੀ ਦਾ ਹਿੱਸਾ ਹੈ । ਉਹਨਾਂ ਦਾ ਦੋਸ਼ ਹੈ ਕਿ ਕਨੇਡੀਅਨ ਪ੍ਰਧਾਨ ਮੰਤਰੀ ਆਪਣੀ ਕੁਰਸੀ ਬਚਾਉਣ ਲਈ ਇੰਡੀਆ ਉੱਪਰ ਅਜਿਹੇ ਦੋਸ਼ ਲਗਾਕੇ ਆਪਣੀ ਰਾਜਨੀਤਕ ਸ਼ਾਖ ਬਚਾਉਣ ਵਿੱਚ ਲੱਗੇ ਹੋਏ ਹਨ। ਪਰ ਜੇਕਰ ਅਸੀਂ ਇੰਡੀਅਨ ਮੂਲ ਦੇ ਕਨੇਡਾ ਵਸਦੇ ਲੋਕ ਜਦੋਂ ਆਪਣੇ ਆਲੇ ਦੁਆਲੇ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਇਹ ਸਾਰਾ ਕੁੱਝ ਹੋਰਾਂ ਨਾਲੋਂ ਦੁਖਦਾਈ ਲੱਗਦਾ ਹੈ। ਅਸੀਂ ਜਦੋਂ ਆਪਣੇ ਘਰਾਂ ਤੋਂ ਬਾਹਰ ਗਰੌਸਰੀ ਸਟੋਰਾਂ ਉੱਪਰ ਜਾਂਦੇ ਹਾਂ ਤਾਂ ਸਾਨੂੰ ਤਾਂ ਕਨੇਡਾ-ਇੰਡੀਆ ਪੂਰਾ ਘਿਓ ਖਿਚੜੀ ਜਾਪਦਾ ਹੈ। ਦੋਵਾਂ ਮੁਲਕਾਂ ਦੀ ਆਪਸੀ ਵਿਓਪਾਰਕ ਸਾਂਝ ਕਾਰਣ ਕਨੇਡੀਅਨ ਸਟੋਰ ਭਾਰਤੀ ਵਸਤੂਆਂ ਨਾਲ ਭਰੇ ਪਏ ਹਨ ।ਦੀਵਾਲੀ ਨੇੜੇ ਹੋਣ ਕਾਰਣ ਬੈਂਕਾਂ ਵਾਲੇ ਲਕਸਮੀ ਦੀ ਫੋਟੋ ਵਾਲੇ ਸਿੱਕੇ ਜਾਰੀ ਕਰ ਰਹੇ ਹਨ। ਕਨੇਡਾ ਪੋਸਟ ਵੱਲੋਂ ਲਕਸਮੀ ਪੂਜਾ ਨੂੰ ਉਜਾਗਰ ਕਰਦੀ ਡਾਕ ਟਿਕਟ ਜਾਰੀ ਕੀਤੀ ਗਈ ਹੈ।ਹਰ ਛੋਟੇ ਵੱਡੇ ਸਟੋਰ ਉੱਪਰ ਮੇਡ ਇਨ ਇੰਡੀਆ ਦਿਖਾਈ ਦੇ ਰਿਹਾ ਹੈ। ਜੇਕਰ ਭਵਿੱਖ ਵਿੱਚ ਰਾਜਨੀਤਕ ਅਤੇ ਕੂਟਨੀਤਕ ਤਣਾਓ ਇਸੇ ਤਰਾਂ ਜਾਰੀ ਰਿਹਾ ਤਾਂ ਆਮ ਲੋਕਾਂ ਦੀ ਜਿੰਦਗੀ ਉੱਪਰ ਇਸ ਦਾ ਬੁਰਾ ਅਸਰ ਦਿਖਾਈ ਦੇਵੇਗਾ। ਜੇਕਰ ਕਨੇਡਾ ਸਬੂਤਾਂ ਦੇ ਅਧਾਰ ਉੱਪਰ ਜਾਂਚ ਲਈ ਸਹਿਯੋਗ ਮੰਗ ਰਿਹਾ ਹੈ ਤਾਂ ਇੰਡੀਆ ਸਿਰਫ ਨਾਂਹ ਵਰਗੇ ਸ਼ਬਦਾਂ ਦੀ ਵਰਤੋਂ ਕਰਕੇ ਇਸ ਤੋਂ ਫਾਰਗ ਨਹੀਂ ਹੋ ਸਕਦਾ। ਇਸ ਵੇਲੇ ਲੋੜ ਕੈਂਚੀ ਰੂਪੀ ਬਿਆਨਾਂ ਦੀ ਨਹੀਂ ਸਗੋਂ ਸੂਈ ਦੇ ਕਾਰਜ ਵਰਗੀਆਂ ਬਿਆਨਬਾਜ਼ੀਆਂ ਦੀ ਲੋੜ ਹੈ, ਤਾਂ ਕਿ ਦੋਵੇਂ ਮੁਲਕਾਂ ਦੇ ਰਿਸ਼ਤੇ ਮਨੁੱਖਤਾਵਾਦੀ ਸੋਚ ਉਪਰ ਪਹਿਰਾ ਦਿੰਦਿਆਂ ਮਨੁੱਖਤਾ ਦੇ ਹਾਮੀ ਹੋਣ ਗਵਾਹੀ ਭਰਦੇ ਰਹਿਣ।

ਬਲਜੀਤ ਸਿੰਘ

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

- ਸੰਪਾਦਕ

# ਪਰਾਲੀ ਦਾ ਮੁੱਦਾ - ਹਵਾ ਪ੍ਰਦੂਸ਼

ਗੁਰਮੀਤ ਸਿੰਘ ਪਲਾਹੀ

ਜਦੋਂ ਮੌਸਮ ਬਦਲਦਾ ਹੈ, ਸਰਦੀ ਦਰਵਾਜ਼ਾ ਖੜਕਾਉਂਦੀ ਹੈ, ਪਰਾਲੀ ਦਾ ਮੁੱਦਾ, ਸਿਆਸੀ ਸਫਾਂ ਅਤੇ ਕੋਰਟ-ਕਚਿਹਰੀਆਂ 'ਚ ਵੱਡੀ ਚਰਚਾ ਬਣ ਜਾਂਦਾ ਹੈ। ਪਰਾਲੀ ਜਲਾਉਣ ਦੇ ਮਾਮਲੇ 'ਚ ਹਾਹਾਕਾਰ ਮਚਦੀ ਹੈ। ਦੇਸ਼ ਦੀ ਰਾਜਧਾਨੀ ਦਿੱਲੀ ਦੇ ਹਾਕਮ ਸਾਰਾ ਸਾਲ ਕੁੰਭਕਰਨ ਦੀ ਨੀਂਦ ਸੁੱਤੇ, ਸੁੱਤ-ਉਨੀਂਦੇ ਜਾਗਦੇ ਹਨ, ਫਰਮਾਨ ਜਾਰੀ ਕਰਦੇ ਹਨ, ਕਚਿਹਰੀਆਂ 'ਚ 'ਲੋਕ ਹਿਤੈਸ਼ੀ' ਰਿੱਟਾਂ ਪਾਉਂਦੇ ਹਨ, ਵੱਡੀ ਕਚਿਹਰੀ ਹੁਕਮ ਸਾਦਰ ਕਰਦੀ ਹੈ। ਪਰ ਪਰਨਾਲਾ ਉਥੇ ਦਾ ਉਥੇ ਰਹਿੰਦਾ ਹੈ।

ਬਿਨਾਂ ਸ਼ੱਕ ਪਰਾਲੀ ਪ੍ਰਬੰਧਨ ਵੱਡਾ ਮਸਲਾ ਹੈ। ਬਹੁਤੇ ਕਿਸਾਨ ਅਗਲੀ ਫਸਲ ਦੀ ਤਿਆਰੀ ਲਈ ਇਸ ਦਾ ਸੌਖਾ ਹੱਲ ਇਸ ਨੂੰ ਜਲਾਉਣ 'ਚ ਵੇਖਦੇ ਹਨ। ਇਸ ਨਾਲ ਵੱਡਾ ਨੁਕਸਾਨ ਹੁੰਦਾ ਹੈ। ਪਰਾਲੀ ਜਲਾਉਣ ਨਾਲ ਜ਼ਮੀਨ ਦੀ ਕੁੱਖ 'ਚ ਮੌਜੂਦ ਅਨੇਕਾਂ ਲਾਭਦਾਇਕ ਸੂਖਮ ਜੀਵ-ਜੰਤੂ ਨਸ਼ਟ ਹੋ ਜਾਂਦੇ ਹਨ, ਜੋ ਖੇਤੀ ਉਪਜ ਲਈ ਸਹਾਇਕ ਹਨ। ਇਕ ਅਧਿਐਨ ਦੇ ਅਨੁਸਾਰ ਇਕ ਟਨ ਪਰਾਲੀ ਜਲਾਉਣ 'ਚ ਜ਼ਮੀਨ ਦੀ ਕੁੱਖ ਵਿਚ ਮੌਜੂਦ 5.5 ਕਿਲੋਗ੍ਰਾਮ ਨਾਈਟ੍ਰੋਜਨ 2.3 ਕਿਲੋਗ੍ਰਾਮ ਫਾਸਫੋਰਸ, 25 ਕਿਲੋਗ੍ਰਾਮ ਪੋਟਾਸ਼ੀਅਮ, 1.2 ਕਿਲੋਗ੍ਰਾਮ ਸਲਫਰ ਸਮੇਤ ਹੋਰ ਲਾਭਦਾਇਕ ਪੌਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ। ਅੰਤਰਰਾਸ਼ਟਰੀ ਖਾਧ ਨੀਤੀ ਅਨੁਸੰਧਾਨ ਸੰਸਥਾ ਦੀ ਇਕ ਰਿਪੋਰਟ ਮੁਤਾਬਿਕ ਭਾਰਤ ਦੇ ਵੱਖੋ-ਵੱਖਰੇ ਸੂਬਿਆਂ ਵਿਚ ਪਰਾਲੀ ਜਲਾਉਣ ਨਾਲ ਲਗਭਗ 2 ਲੱਖ ਕਰੋੜ ਰੁਪਏ ਦਾ ਵਿੱਤੀ ਨੁਕਸਾਨ ਪੁੱਜਦਾ ਹੈ।

ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਨੇ 24 ਸਤੰਬਰ 2024 ਨੂੰ ਪਰਾਲੀ ਜਲਾਉਣ ਦੇ ਮੁੱਦੇ ਉੱਤੇ ਹਵਾ ਗੁਣਵਤਾ ਪ੍ਰਬੰਧਨ ਕਮਿਸ਼ਨ (ਸੀ ਏ ਕਿਊ ਐਮ) ਤੋਂ ਜਵਾਬ ਤਲਬੀ ਕੀਤੀ ਅਤੇ ਪੁੱਛਿਆ ਕਿ ਪਿਛਲੇ ਹੁਕਮਾਂ ਦੀ ਤਾਮੀਲ ਕਿਉਂ ਨਹੀਂ ਕੀਤੀ ਗਈ ਅਤੇ 15 ਸਤੰਬਰ ਦੇ ਹਫ਼ਤੇ 'ਚ ਹੀ ਪਰਾਲੀ ਜਲਾਉਣ ਦੀਆਂ ਘਟਨਾਵਾਂ 'ਚ ਵਾਧਾ ਕਿਉਂ ਹੋਇਆ। ਸੀ ਏ ਕਿਊ ਐਮ ਐਕਟ ਦੀ ਧਾਰਾ-14 ਅਧੀਨ ਸਤੰਬਰ ਅਧਿਕਾਰੀਆਂ ਕਰਮਚਾਰੀਆਂ ਖਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ ਜੋ ਪਰਾਲੀ ਸਾੜਨ ਦੇ ਮਾਮਲੇ 'ਚ ਜੁੰਮੇਵਾਰ ਹਨ। ਅਦਾਲਤ ਨੇ ਪੰਜਾਬ-ਹਰਿਆਣਾ ਸਰਕਾਰਾਂ ਨੂੰ ਵੀ ਫਿਟਕਾਰ ਲਗਾਈ ਕਿ ਉਹਨਾਂ ਨੇ ਕਿਸਾਨਾਂ ਵਿਰੁੱਧ ਪਰਾਲੀ ਜਲਾਉਣ ਦੇ ਅਮਲੇ 'ਚ ਕਠੋਰ ਕਾਰਵਾਈ ਕਿਉਂ ਨਹੀਂ ਕੀਤੀ।

ਅਸਲ ਵਿਚ ਵਰਿਆਂ ਤੋਂ ਸਰਕਾਰਾਂ ਚੁੱਪ ਹਨ। ਕਿਸਾਨਾਂ ਦੇ ਇਸ ਗੰਭੀਰ ਮਸਲੇ ਦਾ ਹੱਲ ਕਰਨ ਤੋਂ ਅਸਮਰਥ ਹਨ। ਜਿਹੜੇ ਨਿੱਕੇ-ਮੋਟੇ ਯਤਨ ਪਰਾਲੀ ਪ੍ਰਬੰਧਨ ਲਈ ਕੀਤੇ ਜਾਂਦੇ ਹਨ, ਉਹ ਸਹੀ ਅਰਥਾਂ 'ਚ 'ਸਰਕਾਰੀ ਸਕੀਮਾਂ' ਵਾਂਗਰ ਕਿਸਾਨਾਂ ਦੇ ਦਰ 'ਤੇ ਨਹੀਂ ਪੁੱਜਦੇ। ਜਦਕਿ ਬਹੁਤ ਸਾਰੀਆਂ ਸਕੀਮਾਂ ਬਣਦੀਆਂ ਹਨ, ਵਿੱਤੀ ਸਾਧਨਾਂ ਦੇ ਘਾਟ ਕਰਕੇ ਉਹ ਸਾਰੀਆਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ। ਪਰਾਲੀ ਜਲਾਉਣ ਨਾਲ ਵਾਤਾਵਰਨ ਵਿਗੜਦਾ ਹੈ। ਪ੍ਰਦੂਸ਼ਿਤ ਹੁੰਦਾ ਹੈ। ਉਸ ਦਾ ਸਿਹਤ ਉੱਤੇ ਅਸਰ ਪੈਂਦਾ ਹੈ, ਸਿਰਫ਼ ਮਨੁੱਖੀ ਸਰੀਰ ਉੱਤੇ ਹੀ ਨਹੀਂ, ਸਗੋਂ ਹੋਰ ਜੀਵ-ਜਾਨਵਰਾਂ ਉੱਤੇ ਵੀ। ਸਰਦੀਆਂ ਦੇ ਸ਼ੁਰੂਆਤੀ ਦਿਨਾਂ 'ਚ ਇਸ ਪ੍ਰਦੂਸ਼ਣ ਵਾਧੇ ਨਾਲ ਸਾਹ ਘੁੱਟਣ ਲੱਗਦਾ ਹੈ। 24 ਸਤੰਬਰ 2024 ਤੱਕ ਦਿੱਲੀ ਖੇਤਰ ਵਿਚ ਹਵਾ ਦਾ ਗੁਣਵਤਾ ਅੰਸ 203 ਦਰਜ ਕੀਤਾ ਗਿਆ। ਅਤੇ ਇਸ ਵਾਧੇ ਦਾ ਕਾਰਨ ਪੰਜਾਬ-ਹਰਿਆਣਾ 'ਚ ਪਰਾਲੀ ਜਲਾਉਣ ਦੇ ਮਾਮਲੇ ਨੂੰ ਮਿਥਿਆ ਜਾ ਰਿਹਾ ਹੈ। ਝੋਨੇ ਦੀ ਕਟਾਈ ਦੇ ਮੁੱਢਲੇ ਦਿਨਾਂ ਵਿਚ ਹੀ ਪੰਜਾਬ ਵਿਚ 23 ਅਤੇ ਹਰਿਆਣਾ ਵਿਚ 70 ਮਾਮਲੇ ਨੋਟਿਸ ਕੀਤੇ ਗਏ।

ਪਰ ਵੇਖਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਕੀ ਸਿਰਫ਼ ਪਰਾਲੀ ਜਲਾਉਣ ਨਾਲ ਹੀ ਹਵਾ ਪ੍ਰਦੂਸ਼ਨ ਹੁੰਦਾ ਹੈ। ਦਿੱਲੀ, ਹੋਰ ਵੱਡੇ ਸ਼ਹਿਰਾਂ 'ਚ ਚੱਲਦੇ ਵਾਹਨ ਮੋਟਰ, ਗੱਡੀਆਂ, ਟਰੱਕ, ਕਾਰਾਂ, ਇਹਨਾਂ ਖੇਤਰਾਂ 'ਚ ਲੱਗੀਆਂ ਫੈਕਟਰੀਆਂ ਬੇਇੰਤਹਾ ਬਿਨਾਂ ਰੋਕ-ਟੋਕ ਪ੍ਰਦੂਸ਼ਨ ਪੈਦਾ ਕਰਦੀਆਂ ਹਨ। ਉਹਨਾਂ ਦੀ ਨਿਗਰਾਨੀ ਕਰਨ ਤੋਂ ਸ਼ਾਸ਼ਨ, ਪ੍ਰਸ਼ਾਸ਼ਨ, ਸਰਕਾਰੀ ਸੰਸਥਾਵਾਂ ਆਖਿਰ ਚੁੱਪੀ ਕਿਉਂ ਵੱਟੀ ਬੈਠਦੀਆਂ ਹਨ। ਇਹਨਾਂ ਦਿਨਾਂ 'ਚ ਹੁੰਦੇ ਧਾਰਮਿਕ ਸਮਾਗਮਾਂ ਦੁਸਿਹਰਾ, ਦੀਵਾਲੀ ਤੇ ਹੋਰ ਤਿਉਹਾਰਾਂ 'ਤੇ ਹੁੰਦੀ ਪਟਾਕੇਬਾਜ਼ੀ ਵੱਡੇ ਹਵਾ ਪ੍ਰਦੂਸ਼ਨ ਦਾ ਕਾਰਨ ਬਣਦੀ ਹੈ। ਕੋਇਲਾ ਥਰਮਲ ਪਲਾਂਟ ਹਵਾ ਪ੍ਰਦੂਸ਼ਨ ਦਾ ਕਾਰਨ ਬਣਦੇ ਹਨ।

ਹਵਾ ਪ੍ਰਦੂਸ਼ਨ ਦੇ ਮਾਮਲੇ ਤੇ ਇਕ ਜਾਣਕਾਰੀ ਅਨੁਸਾਰ ਹੋਰ ਸ਼ਹਿਰਾਂ ਦੇ ਮੁਕਾਬਲੇ ਦਿੱਲੀ 'ਚ ਹਵਾ ਪ੍ਰਦੂਸ਼ਨ ਦੀ ਵੱਧ ਮਾਰ ਪੈ ਰਹੀ ਹੈ। ਇਸ ਪ੍ਰਦੂਸ਼ਨ ਨਾਲ ਦਿੱਲੀ ਵਾਸੀਆਂ ਦੀ ਉਮਰ 'ਚ ਸਾਢੇ ਛੇ ਸਾਲ ਦੀ ਕਮੀ ਆਈ ਹੈ। ਹਵਾ ਪ੍ਰਦੂਸ਼ਨ ਜਦੋਂ ਕਾਰਬਨ ਮੋਨੋਆਕਸਾਈਡ, ਕਾਰਬਨ ਡਾਈਆਕਸਾਈਡ, ਮੀਥੇਨ, ਹਾਈਡਰੋਕਾਰਬਨ ਜਿਹੀਆਂ ਜ਼ਹਿਰੀਲੀਆਂ ਗੈਸਾਂ ਪੈਦਾ ਕਰਦਾ ਹੈ ਤਾਂ ਦਮੇ, ਦਿਲ ਅਤੇ ਕੈਂਸਰ ਦੇ ਰੋਗੀਆਂ ਨੂੰ ਵੱਧ ਅਸਰ ਕਰਦਾ ਹੈ ਅਤੇ ਇਹਦਾ ਸ਼ਿਕਾਰ ਬਜ਼ੁਰਗ ਅਤੇ ਬੱਚੇ ਜ਼ਿਆਦਾ ਹੁੰਦੇ ਹਨ।

ਸਾਇੰਸਦਾਨਾਂ ਦਾ ਕਹਿਣਾ ਹੈ ਕਿ ਹਵਾ ਪ੍ਰਦੂਸ਼ਣ ਦੁਨੀਆਂ ਦੀ ਵੱਡੀ ਸਿਹਤ ਮਹਾਂਮਾਰੀ ਹੈ। ਦੁਨੀਆਂ ਦੇ ਸਿਰਫ਼ 7 ਦੇਸ਼ਾਂ ਸਾਫ਼-ਸੁਥਰੀ ਹਵਾ ਵਾਲੇ ਹਨ। ਇਹਨਾਂ ਦੇਸ਼ਾਂ ਵਿਚ ਨਿਊਜ਼ੀਲੈਂਡ, ਫਿਨਲੈਂਡ ਦੇਸ਼ ਸ਼ਾਮਲ ਹਨ। ਭਾਰਤ ਦੁਨੀਆਂ ਦੇ 134 ਦੇਸ਼ਾਂ ਵਿਚੋਂ ਬੰਗਲਾ ਦੇਸ਼, ਪਾਕਿਸਤਾਨ ਤੋਂ ਬਾਅਦ ਤੀਜੇ ਨੰਬਰ ਤੇ ਹਵਾ ਪ੍ਰਦੂਸ਼ਿਤ ਦੇਸ਼ ਹੈ ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਪ੍ਰਮੁੱਖ 10 ਹਵਾ ਪ੍ਰਦੂਸ਼ਿਤ ਸ਼ਹਿਰਾਂ ਵਿਚ ਪਹਿਲੇ ਨੰਬਰ 'ਤੇ ਹੈ।

ਹਵਾ ਪ੍ਰਦੂਸ਼ਨ ਤਦ ਹੁੰਦਾ ਹੈ, ਜਦੋਂ ਹਾਨੀਕਾਰਕ ਗੈਸਾਂ ਅਤੇ ਧੂੜ ਵਾਤਾਵਰਨ 'ਚ ਖਿਖਰਦੀ ਹੈ। ਇਸ ਦੇ ਸਰੋਤਾਂ 'ਚ ਜੰਗਲਾਂ ਦੀ ਅੱਗ, ਜਵਾਲਾਮੁਖੀ ਵਿਸਫੋਟ, ਆਟੋਮੋਬਾਇਲ, ਬਿਜਲੀ ਉਪਕਰਨਾਂ ਦਾ ਜ਼ਿਆਦਾ ਯੋਗਦਾਨ ਹੈ। ਇਹ ਪ੍ਰਦੂਸ਼ਨ ਮਨੁੱਖੀ ਸਰੀਰ ਅਤੇ ਵਾਤਾਵਰਨ ਉੱਤੇ ਵਿਰੋਧੀ ਅਸਰ ਪਹੁੰਚਾਉਂਦਾ ਹੈ। ਇਕ ਅੰਤਰਰਾਸ਼ਟਰੀ ਖੋਜ ਅਨੁਸਰਾ ਕੀਤੇ 200 ਅਧਿਐਨਾਂ ਅਨੁਸਾਰ ਵਾਹਨਾਂ ਨਾਲ ਸਭ ਤੋਂ ਵੱਧ ਪ੍ਰਦੂਸ਼ਨ ਹੁੰਦਾ ਹੈ, ਜੋ ਸਿਹਤ ਲਈ ਅਤਿਅੰਤ ਖ਼ਤਰਨਾਕ ਹੈ। ਦੁਨੀਆਂ ਭਰ ਵਿਚ ਚਲਦੀਆਂ ਅਰਬਾਂ ਪ੍ਰਦੂਸ਼ਨੀ ਕਾਰਾਂ ਸਿਹਤ ਦੀਆਂ ਵੱਡੀਆਂ ਦੁਸ਼ਮਣ ਹਨ। ਇਸ ਹਵਾ ਪ੍ਰਦੂਸ਼ਨ 'ਚ ਫਸਲਾਂ ਦੀ ਰਹਿੰਦ-ਖੂੰਹਦ, ਪਰਾਲੀ ਆਦਿ ਮੌਸਮੀ ਪੱਧਰ 'ਤੇ ਵੱਡਾ ਅਸਰ ਪਾਉਂਦਾ ਹੈ। ਕਿਉਂਕਿ ਵਾਹਨਾਂ ਆਦਿ ਨੂੰ ਲੋਕਾਂ ਨੇ 'ਪ੍ਰਦੂਸ਼ਨ' ਵਜੋਂ ਮਨੋਂ ਪ੍ਰਵਾਨ ਕੀਤਾ ਹੋਇਆ ਹੈ, ਪਰ ਲਗਦੀਆਂ ਅੱਗਾਂ, ਜੋ ਨਾਲੀ, ਪਰਾਲੀ, ਰਹਿੰਦ-ਖੂੰਹਦ ਕਾਰਨ ਦਿਖਦੀਆਂ ਹਨ, ਉਹ ਵੱਡੀ ਚਰਚਾ ਦਾ

# ਸੇਵਾ ਕਰਨ ਦੇ ਸੱਦੇ ਦਾ ਜਵਾਬ ਦਿਓ

CALGARY POLICE SERVICE

# CPS ਵਿੱਚ ਸ਼ਾਮਲ ਹੋਵੋ

JOIN.CALGARYPOLICE.CA

ਕੈਲਗਰੀ ਦੇ ਵਿਵਿਧ ਅਤੇ ਪ੍ਰਫੁੱਲਤ ਭਾਈਚਾਰੇ ਨੂੰ ਤੁਹਾਡੀ ਲੋੜ ਹੈ

# "It's time for Change"

# Bhajan Brar

## NDP Candidate for Regina Pasqua

with

## Carla Beck (NDP Leader)

306 543 2727

bhajan.brar@sasknd p.ca

Saskatchewan New Democrats

"Authorized by the financial agent for the candidate"

# ਕਾਗਜ਼ੀ ਵਿਚੋਲਪੁਣਾ

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ (India Born) ਜੱਟ ਸਿੱਖ ਪਰਿਵਾਰ ਦੀ ਪੜ੍ਹੀ ਲਿਖੀ ਵੈਸ਼ਨੂੰ ਲੜਕੀ ਉਮਰ 38 ਸਾਲ ਕੱਦ 5 ਫੁੱਟ 6 ਇੰਚ (Never Married) ਲਈ ਕਨੇਡਾ ਵਿੱਚ ਹੀ ਸੈਟਲਡ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 825 440 2051 ਜਾਂ 587 500 3744 ***255***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਪਰਿਵਾਰ ਦੀ ਲੜਕੀ, ਜਨਮ ਨਵੰਬਰ 1993, ਕੱਦ 5 ਫੁੱਟ 4 ਇੰਚ,ਐਲ ਪੀ ਐਨ (ਨਰਸ) ਦੀ ਐਡਮਿੰਟਨ ਵਿਖੇ ਜੌਬ ਕਰ ਰਹੀ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਸੈਟਲਡ ਹੈ। ਸੰਪਰਕ ਸਿਰਫ਼ ਵਟਸਐਪ :+918544819749 ਜਾਂ 403 425 2525 ***259***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ ਜੱਟ ਸਿੱਖ ਭੰਗੂ ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਪੜ੍ਹਾਈ CBSE INDIA ਇੰਜੀਨੀਅਰਿੰਗ ਕੈਨੇਡਾ ਆਪਣਾ ਕਾਰੋਬਾਰ.ਅਮਰੀਕਾ ਦਾ ਬਿਜਨਸ ਵੀਜਾ ਅਪਲਾਈ ਕੀਤਾ ਹੋਇਆ ਹੈ। ਗੁਰਸਿੱਖ ਖਾਨਦਾਨੀ ਪਰਿਵਾਰ ਦੇ ਵੈਸ਼ਨੂੰ ਲੜਕੇ ਲਈ BSC Nursing RN ਕਲੀਅਰ ਜਾਂ ਡਿਗਰੀ ਹੋਲਡਰ ਸੁੰਦਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਇੱਕੋ ਵੱਡਾ ਭਰਾ ਕੈਨੇਡਾ ਮੈਰਿਡ ,ਇੰਡੀਆ ਜਮੀਨ ਅਤੇ ਸ਼ਹਿਰੀ ਜਾਇਦਾਦ, ਪਿਤਾ ਸਰਕਾਰੀ ਨੌਕਰੀ -ਮਾਤਾ ਰਿਟਾਇਰਡ ਆਪਦਾ ਘਰ ਨਿਆਗਰਾ ਫਾਲ (ਓਨਟਾਰੀਓ) ਲੁਧਿਆਣਾ ਰੋਪੜ,ਮੋਹਾਲੀ ਸੰਪਰਕ: ਵਟਸਅਪ - 9417200781 +16623152477 ***255***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ,ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ : ਪਲੱਸ 2 ਤੋਂ ਡਿਪਲੋਮਾ, ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਉੱਪਰ ਆਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੋਗਾ, ਬਰਨਾਲਾ, ਬਠਿੰਡਾ ,ਲੁਧਿਆਣਾ ਇਲਾਕੇ ਨੂੰ ਪਹਿਲ । ਸੰਪਰਕ: 1 204 361 5911***255***

## ਲੜਕੀ ਦੀ ਲੋੜ

Well settled Jatt Sikh parents in Calgary Canada, seeking a suitable match for their Canadian born 28 year son, 6ft tall, BSc Physics, government job in health care. Looking for well educated girl, Canadian citizen, PR or on temporary visa in Canada. Marriage bureau please excuse. Full bio data and photographs in first instance to WhatsApp 1-306-570-3453 ***259***

## ਲੜਕੇ ਦੀ ਲੋੜ

Ravidasia, Jassal parents are looking for a suitable match for their beautiful and well qualified daughter born September 1994, height 5'4", qualification B-Tech, MBA, living and working in MNC at Delhi. Girl's file is in process through express entry program. Please contact parents at email: vimalchander19967@gmail.com or local at Cell: 587-897-6958. ***255***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਬਠਿੰਡਾ ਇਲਾਕੇ ਦੇ ਪਿਛੋਕੜ ਵਾਲੇ ਹੁਣ ਕੈਲਗਰੀ ਰਹਿੰਦੇ ਜੱਟ ਸਿੱਖ ਢਿੱਲੋਂ ਪਰਿਵਾਰ ਦੇ ਲੜਕੇ ਜਨਮ 1993 ,ਕੱਦ 5 ਫੁੱਟ 11 ਇੰਚ, ਇੰਸ਼ੋਰੈਂਸ਼ ਕੰਪਨੀ ਵਿੱਚ ਐਡਵਾਈਜ਼ਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ । ਕਾਲ: 1 204 880 2867 ***254***

## ਲੜਕੀ ਦੀ ਲੋੜ

ਵਿਨੀਪੈਗ ਰਹਿੰਦੇ ਰਾਏ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਰਕ ਪਰਮਿਟ ਉੱਪਰ ਆਏ ਲੜਕੇ ਜਨਮ 1992, ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ, ਵਰਕ ਪਰਮਿਟ, ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਜਾਤਪਾਤ ਦਾ ਕੋਈ ਬੰਧਨ ਨਹੀਂ । ਲੜਕੇ ਕੋਲ ਨੈਨੀ ਦੀ ਸਪਾਂਸਰਸਿੱਪ ਵੀ ਹੈ। ਕਾਲ: 1 204-430-3929 ਜਾਂ 1 204-930-8536 ***254***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਪਰਿਵਾਰ ਦੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 11 ਇੰਚ, ਬਿਜ਼ਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ (ਨਿਊਜ਼ੀਲੈਂਡ) ਸ਼ਾਰਟ ਟਰਮ ਡਿਵੋਰਸ ਲਈ ਲੜਕੀ ਦੀ ਲੋੜ ਹੈ। ਸੰਪਰਕ: 403 763 9812 ਜਾਂ 91 98 72263627 ***254***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ,ਸੈਣੀ ਪਰਿਵਾਰ ਦੀ ਲੜਕੀ,ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਜੀ ਐਨ ਐਮ,ਬੀ ਐਸ ਸੀ ਨਰਸਿੰਗ,ਕਨੇਡਾ ਵਿੱਚ ਡੇਅ ਕੇਅਰ ਦਾ ਤਜ਼ਰਬਾ, ਹੁਣ ਕੈਲਗਰੀ ਵਿਖੇ ਹੀ ਹੈਲਥ ਕੇਅਰ ਏਡ ਦੀ ਜੌਬ ਕਰਦੀ ਲਈ, ਹਾਣ ਪ੍ਰਵਾਣ ਦੇ ਲੜਕੇ ਜਿਹੜਾ ਕੈਲਗਰੀ ਰਹਿੰਦਾ ਹੋਵੇ ਜਾਂ ਕੈਲਗਰੀ ਰਹਿਣ ਲਈ ਤਿਆਰ ਹੋਵੇ, ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 1 587 733 5911 ***254***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਢਿੱਲੋਂ ਪਰਿਵਾਰ ਦੇ ਲੜਕੇ ,ਜਨਮ 1999,ਕੱਦ 5 ਫੁੱਟ 10 ਇੰਚ ,ਰੈਡ ਰਿਵਰ ਕਾਲਿਜ ਵਿਨੀਪੈਗ ਤੋਂ ਆਟੋਮੋਟਿਵ ਸਰਵਿਸ ਟੈਕਨੀਸ਼ਨ ਡਿਪਲੋਮਾਂ ਹੋਲਡਰ ਅਤੇ ਹੁਣ ਕਨੇਡਾ ਦੀ ਨਾਮਵਰ ਆਟੋਮੋਟਿਵ ਕੰਪਨੀ ਵਿੱਚ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਕਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ।ਵਿਜਟਿਰ,ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕੇ ਦੇ ਮਾਪੇ ਕਨੇਡੀਅਨ ਪੀ ਆਰ ਅਤੇ ਛੋਟਾ ਭਰਾ ਕਨੇਡੀਅਨ ਸਿਟੀਜਨ ਹੈ। ਸੰਪਰਕ ਸਿਰਫ ਵਟਸਐਪ : 1 204 960 4931 ***254***

## ਲੜਕੀ ਦੀ ਲੋੜ

Jatt Sikh boy (Short Marriage), Age 33, Height 6ft, Professional Engineer (P.Eng.), Engineering Graduate from a reputed Canadian University, and post-graduate in Data Science and Analytics, working as a Senior Engineer/Manager at a reputed company. He is raised in Canada, well-versed in both Punjabi and Canadian cultures, seeking a professional, well-educated match. Contact: +1 403 828 7973 or acheema8811@gmail.com ***258***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਕੈਲਗਰੀ ਵਾਸੀ,ਸੋਹਣੇ ਸੁਨੱਖੇ,ਪੱਗ ਬੰਨਦੇ ਰਾਮਗੜੀਆ ਪਰਿਵਾਰ ਦੇ ਲੜਕੇ, ਜਨਮ 1999,ਕੱਦ 6 ਫੁੱਟ, ਜਰਨੀਮੈਨ ਇਲੈਕਟਰੀਸ਼ਨ,ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ, ਪਰਿਵਾਰਕ ਕਦਰਾਂ ਕੀਮਤਾਂ ਨੂੰ ਜਾਨਣ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਵੈੱਲ ਸੈਟਲਡ ਆਪਣੇ ਮਾਪਿਆਂ ਨਾਲ ਰਹਿੰਦਾ ਲੜਕਾ ਬਿਲਕੁੱਲ ਨਸ਼ਾ ਰਹਿਤ ਹੈ।
ਸੰਪਰਕ ਵਟਸਐਪ: 403 796 8565 ***258***

## ਲੜਕੇ ਦੀ ਲੋੜ

ਕੈਨੇਡਾ ਸਟੂਡੈਂਟ ਵੀਜੇ ਉੱਪਰ ਆਈ ਜੱਟ ਸਿੱਖ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ ਉਮਰ 23 ਸਾਲ,ਕੱਦ 5 ਫੁੱਟ 6 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਜੱਟ ਸਿੱਖ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 862 0002 ਜਾਂ 91 98 145 67040 ***253**

## ਲੜਕੀ ਦੀ ਲੋੜ

ਧਾਲੀਵਾਲ ਜੱਟ ਸਿੱਖ ਪਰਿਵਾਰ ਦੇ ਕਨੇਡਾ ਵਰਕ ਪਰਮਿਟ ਉੱਪਰ ਕੈਲਗਰੀ ਰਹਿੰਦੇ ਲੜਕੇ ਜਨਮ 1985,ਕੱਦ 6 ਫੁੱਟ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਪਰਿਵਾਰ ਅਤੇ ਰਿਸ਼ਤੇਦਾਰ ਕਨੇਡਾ ਵਿੱਚ ਪੱਕੇ ਤੌਰ ਤੇ ਸੈਟਲ ਹਨ ਜੋ ਵਿਆਹ ਉਪਰੰਤ ਲੜਕੇ ਲੜਕੀ ਨੂੰ ਘਰ ਖਰੀਦਣ ਜਾਂ ਕੋਈ ਕੰਮਕਾਰ ਸੁਰੂ ਕਰਨ ਲਈ ਆਰਥਿਕ ਤੌਰ ਤੇ ਮੱਦਦ ਵੀ ਕਰ ਸਕਦੇ ਹਨ। ਲੜਕੇ ਕੋਲ ਕਨੇਡਾ ਵਿੱਚ ਟਰੱਕ ਚਲਾਉਣ ਦਾ ਲਾਇਸੈਂਸ ਹੈ।
ਸੰਪਰਕ: 403 681 0037 ਜਾਂ +91 95016 10962 ***257***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ,ਐਡਮਿੰਟਨ ਰਹਿੰਦੇ ਰਾਮਗੜੀਆ (ਖੱਤੀ) ਪਰਿਵਾਰ ਦੇ ਲੜਕੇ ,ਉਮਰ 31 ਸਾਲ ,ਕੱਦ 5 ਫੁੱਟ 8 ਇੰਚ ਲਈ ਕਨੇਡੀਅਨ,ਯੂ ਐਸ ਏ ਜਾਂ ਆਸਟਰੇਲੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬੀ ਏ ਪਾਸ ਲੜਕੇ ਕੋਲ ਤਿੰਨ ਕਿੱਲੇ ਜ਼ਮੀਨ ਵੀ ਹੈ। ਸੰਪਰਕ: 1 604 906 8214 ***257***

## ਲੜਕੇ ਦੀ ਲੋੜ

24-year-old, Canadian born, Ramgarhia Sikh beautiful girl living in Calgary, working as Registered Nurse, height 5'3" seeks educated professional Canadian resident boy. Interested families respond by WhatsApp 1(403) 608 6475 ***257***

## ਲੜਕੀ ਦੀ ਲੋੜ

ਜੱਟ ਸਿੱਖ ਗੁਰਨਾ ਪਰਿਵਾਰ ਦੇ ਵਰਕ ਪਰਮਿਟ ਉੱਪਰ ਆਏ ਲੜਕੇ ਉਮਰ 28 ਸਾਲ, ਕੱਦ 6 ਫੁੱਟ 1 ਇੰਚ,ਵਿੱਦਿਅਕ ਯੋਗਤਾ: ਬੀ ਸੀ ਏ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ:1 604 345 8660 ***257***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਹਿੰਦੂ ਖੱਤਰੀ ਮਹਿਤਾ ਪਰਿਵਾਰ ਦੇ ਬੀ ਸੀ ਸੂਬੇ ਵਿੱਚ ਰਹਿੰਦੇ, ਨਾਨ ਮੰਗਲੀਕ ਲੜਕੇ, ਜਨਮ 1991, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ : ਬੀ ਟੈੱਕ ਆਈ ਟੀ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਬਿਜਨਿਸ ਹੈ ਅਤੇ ਸਾਰਾ ਪਰਿਵਾਰ ਕਨੇਡੀਅਨ ਸਿਟੀਜਨ ਹੈ। ਸੰਪਰਕ: 1-236-238-1710 ***256***

## ਲੜਕੀ ਦੀ ਲੋੜ

Canadian Citizen, Jat Sikh handsome boy, born 1990, height 5 feet 11 inches, well educated from Canada and doing Successful Business, looking for a girl from Canada. Please call or send biodata on What's app: 1 403 399 3205 ***256***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਧਾਲੀਵਾਲ, ਪਰਿਵਾਰ ਦੇ ਤਲਾਕਸ਼ੁਦਾ ਲੜਕੇ,ਜਨਮ 1987,ਕੱਦ 5 ਫੁੱਟ 11 ਇੰਚ, ਟੌਰਾਂਟੋ ਤੋਂ ਆਫਿਸ ਐਡਮਨਿਸਟ੍ਰੇਸਨ ਡਿਪਲੋਮਾ ਹੋਲਡਰ, ਹੁਣ ਸੈਸਕਾਟੂਨ ਵਿਖੇ ਕੰਸਟ੍ਰਕਸ਼ਨ ਫੀਲਡ ਵਿੱਚ ਆਪਣੀ ਜੌਬ ਕਰਦੇ ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੈਸਕਾਟੂਨ ਵਿੱਚ ਰਹਿੰਦੀ ਜਾਂ ਸੈਸਕਾਟੂਨ ਮੂਵ ਹੋਣ ਦੀ ਇੱਛੁਕ ਹੋਵੇ। ਸੰਪਰਕ : 1 306 914 8973 ਜਾਂ ਵਟਸਐਪ 98152 90891 ***256***

## ਲੜਕੇ ਦੀ ਲੋੜ

ਕਨੇਡੀਅਨ ਜੰਮਪਲ,ਸੰਘਾ ਪਰਿਵਾਰ ਦੀ ਲੜਕੀ, ਉਮਰ 29 ਸਾਲ, ਕੱਦ 5 ਫੁੱਟ 5 ਇੰਚ, ਕਰਿਮੀਨਲ ਜਸਟਿਸ ਦੀ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਲੋੜ ਹੈ । ਸੰਪਰਕ: 1587 707 3029 ***256***

## ਲੜਕੀ ਦੀ ਲੋੜ

10 ਸਾਲ ਦੇ ਮਲਟੀਪਲ ਵਿਜਟਿਰ ਵੀਜੇ ਉੱਪਰ ਕਨੇਡਾ ਆਏ ਜੱਟ ਸਿੱਖ ਸਰਾਂ ਨਸ਼ਾ ਰਹਿਤ, ਉਮਰ 24 ਸਾਲ, ਕੱਦ 5 ਫੁੱਟ 11 ਇੰਚ, ਪਰਿਵਾਰ ਦੇ ਸੋਹਣੇ ਸੁਨੱਖੇ ਗਰੈਜੂਏਟ ਲੜਕੇ ਲਈ ਕਨੇਡੀਅਨ ਪੀਆਰ ,ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ:1 647 871 0717,1 825 945 3800,ਜਾਂ ਇੰਡੀਆ 91 9464141011
ਈ ਮੇਲ: manpreetsran62019@gmail.com ***255***

## ਲੜਕੀ ਦੀ ਲੋੜ

ਪੰਜਾਬ ਜਿਲਾ ਮੋਗਾ ਰਹਿੰਦੇ ਰਾਮਗੜ੍ਹੀਆ ਸਿੱਖ ਪਰਿਵਾਰ ਦੇ ਲੜਕੇ ਉਮਰ 29 ਸਾਲ, ਕੱਦ 5 ਫੁੱਟ 9 ਇੰਚ ਬੀ ਏ ਪਾਸ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 403 992 9190 ***255***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਵੜੈਚ ਪਰਿਵਾਰ ਦੇ ਲੜਕੇ ਉਮਰ 33 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ: ਇਲੈਕਟਰੀਕਲ ਇੰਜੀਨੀਅਰਿੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 605 9723 ***255***

## ਲੜਕੀ ਦੀ ਲੋੜ

ਕਨੇਡਾ ਵਿਜ਼ਟਰ ਵੀਜੇ ਉੱਪਰ ਆਏ ਜੱਟ ਸਿੱਖ ਸਿੱਧੂ ਪਰਿਵਾਰ ਦੇ ਸੋਹਣੇ ਸੁਨੱਖੇ ਗਰੈਜੂਏਟ ਲੜਕੇ ਜਨਮ ਨਵੰਬਰ 1992, ਕੱਦ 5 ਫੁੱਟ 7 ਇੰਚ, ਲਈ ਕਨੇਡੀਅਨ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ 1780 907 5762 ***255***

## ਲੜਕੇ ਦੀ ਲੋੜ

Suitable Match for a very Beautiful, 29 years 5'4", Hindu Khatri girl, Canadian citizen, Short-term Divorcee residing in Calgary Alberta. Dental Hygienist - Good Salary, belongs to a reputed family. Seeking Teetotaler, well educated, well settled Boy Preferred Malwa Area, upper caste. Contact with Biodata Details on WhatsApp +917087291816 or email at idetails871@gmail.com ***254***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ,ਰਾਮਗੜ੍ਹੀਆ ਪਨੇਸਰ (ਨਾਨਕਾ ਪਰਿਵਾਰ ਭੋਗਲ) ਉਮਰ 29 ਸਾਲ, ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ: ਡੈਂਟਲ ਅਸਿਸਟੈਂਟ,ਬੀ ਐੱਸ ਸੀ (ਨਾਨ ਮੈਡੀਕਲ) ਲਈ ਸਿੱਖ ਸਰਦਾਰ ਵੈਜੀਟੇਰੀਅਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 617 2571 ਜਾਂ ਵਟਸਐਪ 91 98 766 96050 ***254***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਬਾਛਲ ਪਰਿਵਾਰ ਦੇ ਨਸ਼ਿਆਂ ਤੋਂ ਰਹਿਤ ਲੜਕੇ,ਉਮਰ 32 ਸਾਲ,ਕੱਦ 6 ਫੁੱਟ,ਵਿਦਿਅਕ ਯੋਗਤਾ: ਐਵੀਏਸ਼ਨ ਇੰਜੀਨੀਅਰਿੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ।ਲੜਕੇ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ 'ਤੇ ਵੈੱਲ ਸੈਟਲ ਹੈ। ਲੜਕੇ ਵਾਲਿਆਂ ਦੀ ਅਲਬਰਟਾ (ਕੈਲਗਰੀ) ਅਤੇ ਬੀ ਸੀ ਸੂਬੇ ਵਿੱਚ ਦੋਵੇਂ ਥਾਂਈ ਰਿਹਾਇਸ ਹੈ। ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 828 8031 ***254***

## ਲੜਕੀ ਦੀ ਲੋੜ

"Handsome, 28 years 5'11", Rajput boy, Canadian Citizen residing in Calgary Alberta. Automotive Technician Diploma, Heavy Duty Technician, financially stable, and family oriented. The bride should hail from a decent, educated family. caste no bar. should be around 21-28 years. Contact with details Phone or WhatsApp 1 403 467 4102 or Email to jayantparmar1995@gmail.com ***254***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ, ਚੀਮਾ ਪਰਿਵਾਰ ਦੇ ਪਰਿਵਾਰ ਦੇ ਅੰਮ੍ਰਿਤਧਾਰੀ ਲੜਕੇ ,ਉਮਰ 24 ਸਾਲ,ਕੱਦ 6 ਫੁੱਟ, ਵਿਦਿਅਕ ਯੋਗਤਾ : ਕੰਪਿਊਟਿਰ ਸਿਸਟਿਮ ਟੈਕਨੀਸ਼ੀਅਨ ਨੈਟਵਰਕਿੰਗ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ।
ਸੰਪਰਕ: 1 519 981 9356 ***254***

## ਲੜਕੀ ਦੀ ਲੋੜ

Suitable match for smart and kind natured Jatt Sikh Bhullar boy, 5'11", 1996 born, Teetotaler, convent educated. Owns construction Business. Belongs to a reputed family in Bathinda with urban and rural properties. Seeking like minded smart qualified girl belonging to an affluent family. Now residing in Windsor Canada .Malwa region preferred and queries from abroad are also welcome. Mobile: +91 9417042693. WhatsApp : +1 248-802-4353. Email: pjattana@umich.edu ***_***

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਸਿਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

## ਲੜਕੀ ਦੀ ਲੋੜ

ਜੱਟ ਸਿੱਖ ਬੈਨੀਵਾਲ ਪਰਿਵਾਰ ਦੇ ਇੰਡੀਆ ਰਹਿੰਦੇ ਤਲਾਕਸ਼ੁਦਾ ਲੜਕੇ,ਉਮਰ 32 ਸਾਲ,ਕੱਦ 5 ਫੁੱਟ 8 ਇੰਚ,ਵਿਦਿਅਕ ਯੋਗਤਾ: ਬੀ ਟੈੱਕ ਹੁਣ ਪ੍ਰਾਈਵੇਟ ਜੌਬ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਇੰਡੀਆ ਰਹਿੰਦੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 926 4188 ਜਾਂ ਇੰਡੀਆ ਫੋਨ 91- 99140 81733 ***253***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ

# ਗੋਰੀ ਦੀਆਂ ਝਾਂਜਰਾਂ

*ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ*
*ਗਲ਼ੀ ਗਲ਼ੀ ਡੰਡ ਪਾਉਂਦੀਆਂ ਗਈਆਂ*
*ਸਾਂਭ ਕੇ ਤੇ ਰੱਖ ਨੀਂ ਨਣਾਨੇ ਗੋਰੀਏ*
*ਰੂਪ ਦਾ ਸ਼ਿੰਗਾਰ ਜਾਲ਼ੀਦਾਰ ਡੋਰੀਏ*
*'ਨੂਰਪੁਰੀ' ਕੋਲੋਂ ਸ਼ਰਮਾਉਂਦੀਆਂ ਗਈਆਂ..*

ਜੇ ਇਸ ਗੀਤ ਦੇ ਅੰਤ ਵਿੱਚ 'ਨੂਰਪੁਰੀ' ਦਾ ਨਾਮ ਨਾ ਆਉਂਦਾ ਤਾਂ ਇਸ ਨੂੰ ਲੋਕ-ਗੀਤ ਹੀ ਸਮਝਿਆ ਜਾਣ ਲੱਗ ਪੈਣਾ ਸੀ। ਭਾਵੇਂ ਕਿ ਹੁਣ ਵੀ ਇਸ ਗੀਤ ਨੂੰ ਲੋਕਗੀਤ ਦੇ ਬਰਾਬਰ ਦਾ ਹੀ ਦਰਜਾ ਹਾਸਲ ਹੈ। ਅਜਿਹੇ ਇੱਕ ਨਹੀਂ ਸਗੋਂ ਅਨੇਕਾਂ ਗੀਤਾਂ ਦੇ ਗੀਤਕਾਰ ਦਾ ਨਾਮ ਹੈ 'ਨੰਦ ਲਾਲ ਨੂਰਪੁਰੀ'। ਨੰਦ ਲਾਲ ਦਾ ਜਨਮ 1906 ਵਿੱਚ ਪਿਤਾ ਬਿਸ਼ਨ ਸਿੰਘ ਦੇ ਘਰ ਮਾਤਾ ਹੁਕਮ ਦੇਈ ਦੀ ਕੁੱਖੋਂ ਸਾਂਝੇ ਪੰਜਾਬ ਦੇ ਜ਼ਿਲ੍ਹਾ ਲਾਇਲਪੁਰ ਦੇ ਲਾਗਲੇ ਪਿੰਡ ਨੂਰਪੁਰ ਵਿੱਚ ਹੋਇਆ।

ਨੰਦ ਲਾਲ ਦਾ ਬਚਪਨ ਪਿੰਡ 'ਚ ਬਤੀਤ ਹੋਇਆ ਤੇ ਮੈਟ੍ਰਿਕ ਦੀ ਪੜ੍ਹਾਈ ਉਸਨੇ ਖਾਲਸਾ ਹਾਈ ਸਕੂਲ ਲਾਇਲਪਰ ਤੋਂ ਪੂਰੀ ਕੀਤੀ। ਸਕੂਲੀ ਜੀਵਨ ਵੇਲੇ ਹੀ ਨੰਦ ਲਾਲ ਦੇ ਦਿਮਾਗ ਵਿੱਚ ਕਵਿਤਾ ਮੌਲਣ ਲੱਗ ਪਈ ਸੀ। ਉਸ ਵੇਲੇ ਭਾਰਤ ਤੇ ਗੋਰੀ ਹਕੂਮਤ ਦਾ ਰਾਜ ਸੀ। ਨੌਜਵਾਨਾਂ ਦੇ ਖੂਨ 'ਚ ਦੇਸ਼ ਦੀ ਆਜ਼ਾਦੀ ਦੀ ਲਹਿਰ ਅੰਗੜਾਈਆਂ ਲੈ ਰਹੀ ਸੀ। ਨੰਦ ਲਾਲ ਵੀ ਕਵਿਤਾ ਦੇ ਰੂਪ ਵਿੱਚ ਆਜ਼ਾਦੀ ਦੇ ਸੁਪਨੇ ਦੇਖਣ ਲੱਗ ਪਿਆ ਸੀ। ਉਸਨੂੰ ਗੁਲਾਮੀ ਦੀ ਬਦਬੋ ਪਰੇਸ਼ਾਨ ਕਰ ਰਹੀ ਸੀ:

ਫੁੱਲਾਂ ਦੀਆਂ ਸੇਜਾਂ ਤੇ ਸੌਣ ਨੂੰ ਜੀ ਨਹੀਂ ਕਰਦਾ
ਸ਼ਗਨਾਂ ਦੀਆਂ ਤਰਬਾਂ ਵੱਜਣ, ਗੌਣ ਨੂੰ ਦਿਲ ਨਹੀਂ ਕਰਦਾ
ਬੱਦਲੋ ਵੇ! ਗੱਜਣ ਲੱਗੋ, ਬਿਜਲੀਓ ਕੜਕਣ ਲੱਗੋ
ਕਬਰੋ ਨੀਂ! ਸੁੱਤੀਆਂ ਜਾਗੋ, ਸ਼ੇਰੋ ਵੇ ਬੁੱਕਣ ਲੱਗੋ
ਸੀਨਾ ਏ ਲੀਰਾਂ ਲੀਰਾਂ ਸਿਉਣ ਨੂੰ ਦਿਲ ਨਹੀਂ ਕਰਦਾ
ਮੇਰਾ ਗੁਲਾਮ ਜੀਵਨ, ਜਿਉਣ ਨੂੰ ਦਿਲ ਨਹੀਂ ਕਰਦਾ

ਪੜ੍ਹਾਈ ਉਪਰੰਤ ਨੰਦ ਲਾਲ ਨੂੰ ਅਧਿਆਪਕ ਦੀ ਨੌਕਰੀ ਮਿਲ ਗਈ। ਅਧਿਆਪਨ ਦੇ ਕਿੱਤੇ ਦੇ ਨਾਲ ਉਸਦਾ ਕਵਿਤਾ ਵੱਲ ਰੁਝਾਨ ਵਧਦਾ ਹੀ ਗਿਆ। ਉਸ ਵੇਲੇ ਪੰਜਾਬ ਦੇ ਪਿੰਡ ਪਿੰਡ, ਸ਼ਹਿਰ ਸ਼ਹਿਰ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਇੱਕਠੀਆਂ ਹੋ ਕੇ ਆਜ਼ਾਦੀ ਦੀ ਲੜਾਈ ਵਿੱਚ ਕੁੱਦ ਚੁੱਕੀਆਂ ਸਨ। ਨੰਦ ਲਾਲ ਉਮਰ ਵਿੱਚ ਭਗਤ ਸਿੰਘ ਦਾ ਹਾਣੀ ਸੀ। ਨੰਦ ਲਾਲ ਦੀ ਕਵਿਤਾ ਤੇ ਇਹਨਾਂ ਦੇਸ਼ ਭਗਤਾਂ ਦੀ ਸੋਚ ਦਾ ਪ੍ਰਭਾਵ ਪ੍ਰਤੱਖ ਨਜ਼ਰ ਆਉਂਦਾ ਹੈ। ਲਾਹੌਰ ਦੇ ਸ਼ਾਹੀ ਕਿਲੇ ਵਿੱਚ

ਨੰਦ ਲਾਲ ਨੂਰਪੁਰੀ

ਰਾਣੀ ਜਿੰਦਾਂ ਦੀ ਖੁੱਸੀ ਹੋਈ ਤਲਵਾਰ ਦੇਖ ਕੇ ਨੂਰਪੁਰੀ ਆਪਣੇ ਲੋਕਾਂ ਦੀ ਆਵਾਜ਼ ਨੂੰ ਇੰਝ ਜਗਾਉਂਦਾ ਹੈ:

ਵੇਖਿਆ ਸ਼ਾਹੀ ਕਿਲਾ, ਪੰਜਾਬ ਦੇ ਲਾਹੌਰ ਦਾ
ਖੂਨ ਜਿੱਥੋਂ ਉੱਛਲਦਾ ਸੀ, ਗੁਜ਼ਰੇ ਹੋਏ ਦੌਰ ਦਾ
ਡਿੱਠੇ ਇੱਕ ਕਮਰੇ ਦੇ ਵਿੱਚ, ਕੁੱਝ ਜੰਗ ਦੇ ਹਥਿਆਰ ਸੀ
ਕੋਲ ਇੱਕ ਪਈ ਲਟਕਦੀ, ਸਹਿਮੀ ਹੋਈ ਤਲਵਾਰ ਸੀ
ਉੱਛਲ ਕੇ ਤਲਵਾਰ ਕਹਿੰਦੀ "ਸੁਣ ਬੁਲਾਵਣ ਵਾਲਿਆ!
ਦੂਸਰੇ ਦੇ ਮੋਢੇ ਤੇ, ਧਰ ਕੇ ਚਲਾਵਣ ਵਾਲਿਆ
ਜੇ ਤੂੰ ਹਿੰਦੋਸਤਾਨ ਦਾ ਹਿੰਦੂ ਏਂ, ਏਥੋਂ ਦੂਰ ਹੋ
ਜੇ ਕੋਈ ਤੂੰ ਮੁਸਲਮਾਂ ਏਂ, ਭੱਜ ਜਾ ਕਾਬੂਰ ਹੋ।
ਜੇ ਕੋਈ ਤੂੰ ਸਿੱਖ ਏਂ, ਡੁੱਬ ਜਾਹ ਨਜ਼ਰ ਨਾ ਆ

ਸਕੂਲ ਮਾਸਟਰੀ ਵਿੱਚ ਨੰਦ ਲਾਲ ਦਾ ਮਨ ਨਹੀਂ ਲੱਗਿਆ। ਉੱਚਾ ਲੰਮਾ ਗੱਭਰੂ ਅਤੇ ਸਡੌਲ ਸਰੀਰ ਦਾ ਮਾਲਕ, ਮਾਸਟਰੀ ਛੱਡ ਕੇ ਪੁਲਿਸ ਵਿੱਚ ਬਤੌਰ ਸਹਾਇਕ ਥਾਣੇਦਾਰ ਭਰਤੀ ਹੋ ਗਿਆ। ਪਰ ਦਿਲ ਦੇ ਅੰਦਰ ਕਵਿਤਾ ਤੇ ਗੀਤਾਂ ਦਾ ਮੋਹ ਹੋਰ ਵਧਦਾ ਗਿਆ। ਸਹਾਇਕ ਥਾਣੇਦਾਰ ਵੱਜੋਂ ਉਸ ਦੀ ਨਿਯੁਕਤੀ ਬੀਕਾਨੇਰ ਵਿਖੇ ਹੋ ਗਈ। ਇਸ ਡਿਊਟੀ ਦੌਰਾਨ ਬੀਕਾਨੇਰ ਰਹਿੰਦਿਆਂ ਹੀ ਨੰਦ ਲਾਲ, ਸੁਮਿੱਤਰਾ ਦੇਵੀ ਨਾਲ ਵਿਆਹ ਬੰਧਨ ਵਿੱਚ ਬੱਝ ਗਿਆ।

ਬਤੌਰ ਸਹਾ ਇੱਕ ਥਾਣੇਦਾਰ ਡਿਊਟੀ ਕਰਦਿਆਂ ਪੁਲਸ ਮੁਕਾਬਲਾ ਹੋ ਗਿਆ। ਪੁਲਿਸ ਪਾਰਟੀ ਦੀ ਅਗਵਾਈ ਨੰਦ ਲਾਲ ਕਰ ਰਿਹਾ ਸੀ। ਇਸ ਮੁਕਾਬਲੇ ਵਿੱਚ ਤਿੰਨ ਵਿਅਕਤੀ ਮਾਰੇ ਗਏ। ਇਨ੍ਹਾਂ ਮੌਤਾਂ ਦਾ ਨੰਦ ਲਾਲ ਨੂੰ ਬਹੁਤ ਜਿਆਦਾ ਪਛਤਾਵਾ ਹੋਇਆ ਕਿ ਅੰਗਰੇਜ਼ ਹਕੂਮਤ ਦੀ ਨੌਕਰੀ ਕਰਦਿਆਂ ਉਸ ਹੱਥੋਂ ਆਪਣੇ ਹੀ ਦੇਸ਼ਵਾਸੀ ਭਰਾ ਮਾਰੇ ਗਏ। ਭਾਵੇਂ ਉਹ ਵਿਅਕਤੀ ਦੋਸ਼ੀ ਹੀ ਸਨ, ਪਰ ਇਸ ਘਟਨਾ ਨੇ ਨੰਦ ਲਾਲ ਨੂੰ ਝੰਜੋੜ ਕੇ ਰੱਖ ਦਿੱਤਾ। ਅੰਗਰੇਜ਼ ਹਕੂਮਤ ਨੇ ਉਸਨੂੰ ਸਨਮਾਨ ਵੱਜੋਂ ਤਰੱਕੀ ਦੇਣੀ ਚਾਹੀ। ਪਰ ਨੰਦ ਲਾਲ ਨੇ ਆਪਣੀ ਆਤਮਾ ਦੀ ਆਵਾਜ਼ ਸੁਣ ਕੇ ਤਰੱਕੀ ਨੂੰ ਠੋਕਰ ਹੀ ਨਹੀਂ ਮਾਰੀ ਬਲਕਿ ਥਾਣੇਦਾਰੀ ਤੋਂ ਵੀ ਅਸਤੀਫ਼ਾ ਦੇ ਦਿੱਤਾ। ਉਸ ਨੇ ਉਸ ਵੇਲੇ ਗੀਤ ਲਿਖਿਆ:

ਏਥੋਂ ਉੱਡ ਜਾ ਭੋਲਿਆ ਪੰਛੀਆ, ਤੂੰ ਆਪਣੀ ਜਾਨ ਬਚਾ।

ਥਾਣੇਦਾਰੀ ਦੀ ਨੌਕਰੀ ਨੂੰ ਠੋਕਰ ਮਾਰ ਉਹ ਜਲੰਧਰ ਆ ਗਿਆ, ਇੱਕ ਕਵੀ ਵੱਜੋਂ ਉਸਦੇ ਨਾਮ ਦੀ ਚਰਚਾ ਚਾਰੇ ਪਾਸੇ ਛਿੜ ਚੁੱਕੀ ਸੀ। ਮੁਸ਼ਾਇਰਿਆਂ 'ਚ ਵਧ ਚੜ੍ਹ ਕੇ ਹਿੱਸਾ ਲੈਣ ਲੱਗ ਪਿਆ। ਉਹਦੇ ਗੀਤ ਵੀ ਘਰ ਘਰ ਸੁਣੇ ਜਾਣ ਲੱਗ ਪਏ। ਨੂਰਪੁਰੀ ਦੇ ਗੀਤਾਂ ਦੀ ਭਿਣਕ ਫਿਲਮਾਂ ਵਾਲਿਆਂ ਦੇ ਕੰਨੀਂ ਵੀ ਪੈ ਗਈ।

ਸੰਨ 1942 ਵਿੱਚ ਆਰ. ਐਲ. ਸ਼ੋਰੀ ਨੇ ਆਪਣੀ ਫਿਲਮ 'ਮੰਗਤੀ' ਦੇ ਸਾਰੇ ਗੀਤ ਨੰਦ ਲਾਲ ਨੂਰਪੁਰੀ ਤੋਂ ਹੀ ਲਿਖਵਾਏ ਜਿਹਨਾਂ ਨੂੰ ਉਸ ਸਮੇਂ ਦੇ ਬਹੁਤ ਵੱਡੇ ਗਾਇਕਾਂ ਸ਼ਮਸ਼ਾਦ ਬੇਗਮ, ਜੀਨਤ ਬੇਗਮ, ਰਹਿਮਤ ਬਾਈ, ਸ਼ਤੀਸ਼ ਬੱਤਰਾ ਆਦਿ ਨੇ ਗਾਇਆ।

ਨੂਰਪੁਰੀ ਦੇ ਗੀਤਾਂ ਦੀ ਮੰਗ ਰਿਕਾਰਡਿੰਗ ਕੰਪਨੀਆਂ ਵੀ ਕਰਨ ਲੱਗ ਪਈਆਂ। ਵੱਡੇ-ਵੱਡੇ ਕਲਾਕਾਰਾਂ ਦੀ ਆਵਾਜ਼ ਵਿੱਚ ਉਨ੍ਹਾਂ ਦੇ ਗੀਤ ਵੀ ਰਿਕਾਰਡ ਹੋਣ ਲੱਗ ਪਏ। ਜਿਵੇਂ:

ਚੰਨ ਵੇ ਕਿ ਸ਼ੌਕਣ ਮੇਲੇ ਦੀ,ਪੈਰ ਧੋ ਕੇ ਝਾਂਜਰਾਂ ਪਾਉਂਦੀ,
ਮੇਲ ੁਦੀ ਆਉਂਦੀ, ਕਿ ਸ਼ੌਕਣ ਮੇਲੇ ਦੀ
ਵੇਹੜਾ ਕਿਵੇਂ ਗੂੰਜਦਾ, ਤੇ ਕੰਧਾਂ ਕਿਵੇਂ ਗਾਉਂਦੀਆਂ,
ਪਿੰਡ ਸਾਰਾ ਗੂੰਜੇ 'ਵਾਜਾਂ ਪਿੰਡ ਵਿੱਚੋਂ ਆਉਂਦੀਆਂ
'ਨੂਰਪੁਰੀ' ਬੱਚਦਾ ਜੇ ਬੱਚ ਲੈਣ ਦੇ-
ਨੀਂ ਮੈਨੂੰ ਦਿਉਰ ਦੇ ਵਿਆਹ ਵਿੱਚ ਨੱਚ ਲੈਣ ਦੇ,
ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ
ਇੱਕ ਕੈਂਠੇ ਵਾਲਾ ਆ ਗਿਆ ਪ੍ਰਾਹੁਣਾ, ਨੀਂ ਮਾਏਂ ਤੇਰੇ ਕੰਮ ਨਾ ਮੁੱਕੇ
ਇਹਨੇ ਮੁੜ ਮੁੜ ਸਾਡੇ ਕਦ ਆਉਣਾ, ਨੀਂ ਮਾਏ ਤੇਰੇ ਕੰਮ ਨਾ ਮੁੱਕੇ

ਕਵਿਤਾ ਜਾਂ ਗੀਤਕਾਰੀ ਮਾਨਸਿਕ ਸਕੂਨ ਤਾਂ ਦੇ ਸਕਦੀ ਹੈ ਪਰ ਇੱਕ ਗੀਤਕਾਰ ਦਾ ਆਰਥਿਕ ਭਾਰ ਹੌਲਾ ਨਹੀਂ ਕਰ ਸਕਦੀ ਕਿਉਂਕਿ ਗੀਤਾਂ ਦਾ ਆਰਥਿਕ ਲਾਹਾ ਤਾਂ ਗਾਇਕਾਂ ਨੂੰ ਹੀ ਮਿਲਦਾ ਆਇਆ ਹੈ। ਨੂਰਪੁਰੀ ਵੀ ਮਾੜੇ ਆਰਥਿਕ ਦੌਰ 'ਚੋਂ ਗੁਜ਼ਰਨ ਲੱਗਾ।

ਨੂਰਪੁਰੀ ਨੇ ਭਾਸ਼ਾ ਵਿਭਾਗ ਵਿੱਚ ਨੌਕਰੀ ਕਰ ਲਈ ਪਰ ਪਰਿਵਾਰ ਵੱਡਾ ਹੋਣ ਕਰਕੇ ਇੱਕ ਥੋੜੀ ਜਿਹੀ ਨਿਸ਼ਚਿਤ ਆਮਦਨ ਨਾਲ ਗੁਜ਼ਾਰਾ ਡਾਢਾ ਮੁਸ਼ਕਿਲ ਹੋ ਗਿਆ। ਆਜ਼ਾਦੀ ਦੇ ਸੁਪਨੇ ਨਾਲ ਨੂਰਪੁਰੀ ਦੇ ਮਨ ਵਿੱਚ ਕਵਿਤਾ ਦੀ ਧੂਣੀ ਧੁਖੀ ਸੀ, ਪਰ ਆਜ਼ਾਦੀ ਤੋਂ ਬਾਅਦ ਦਾ ਭਾਰਤ ਉਸਨੂੰ ਆਪਣੇ ਸੁਪਨਿਆਂ ਦਾ ਭਾਰਤ ਨਹੀਂ ਸੀ ਜਾਪਦਾ:

'ਨੂਰਪੁਰੀ' ਬੰਦ ਕਰਦੇ ਬੀਬਾ, ਝੂਠੀਆਂ ਹੋਰ ਦੁਕਾਨਾਂ ਨੂੰ
ਓ ਦੁਨੀਆਂ ਦੇ ਬੰਦਿਓ ਪੂਜੋ, ਪੂਜੋ ਉਹਨਾਂ ਇਨਸਾਨਾਂ ਨੂੰ

ਨੂਰਪੁਰੀ ਦਾ ਦੇਸ਼ ਪਿਆਰ ਦਾ ਇੱਕ ਹੋਰ ਗੀਤ:

ਮੈ ਵਤਨ ਦਾ ਸ਼ਹੀਦ ਹਾਂ, ਮੇਰੀ ਯਾਦ ਭੁਲਾ ਦੇਣੀ
ਮੇਰੇ ਖੂਨ ਦੀ ਇੱਕ ਪਿਆਲੀ, ਕਿਸੇ ਪਿਆਸੇ ਨੂੰ ਪਿਲਾ ਦੇਣੀ

ਦੇਸ਼ ਪਿਆਰ ਦੇ ਗੀਤਾਂ ਤੋਂ ਇਲਾਵਾ ਨੂਰਪੁਰੀ ਦੇ ਧਾਰਮਿਕ ਗੀਤ ਵੀ ਪੰਜਾਬੀ ਜ਼ੁਬਾਨ ਦਾ ਸਰਮਾਇਆ ਹਨ:

ਚੁੰਮ-ਚੁੰਮ ਰੱਖੇ ਨੀਂ, ਇਹ ਕਲਗੀ ਜੁਝਾਰ ਦੀ,
ਫੁੱਲਾਂ ਨਾਲ ਗੁੰਦੇ ਲੜੀ, ਹੀਰਿਆਂ ਦੇ ਹਾਰ ਦੀ
ਕਿੱਥੇ ਮਾਤਾ ਤੋਰਿਆ, ਅਜੀਤ ਤੇ ਜੁਝਾਰ ਨੂੰ,
ਵੇਹੜੇ ਦੀਆਂ ਰੌਣਕਾਂ ਤੇ ਮਹਿਲਾਂ ਦੀ ਬਹਾਰ ਨੂੰ
ਅੱਧੀ ਰਾਤੀਂ ਮਾਂ ਗੁਜਰੀ, ਬੈਠੀ ਘੋੜੀਆਂ ਚੰਦਾਂ ਦੀਆਂ ਗਾਵੇ,
ਅੱਖੀਆਂ ਦੇ ਤਾਰਿਆਂ ਦਾ, ਮੈਨੂੰ ਚਾਨਣਾ ਨਜ਼ਰ ਨਾ ਆਵੇ

ਕਿੱਡੇ ਸੋਹਣੇ ਚੰਦ ਨੀਂ ਤੇ ਕਿੱਡੇ ਸੋਹਣੇ ਬਾਲ ਨੀਂ,
ਤੁਰੇ ਜਾਂਦੇ ਸੂਬੇ ਦੇ ਸਿਪਾਹੀਆਂ ਦੇ ਜੋ ਨਾਲ ਨੀਂ

ਮੰਗਤੀ ਤੋਂ ਇਲਾਵਾ ਨੂਰਪੁਰੀ ਨੇ ਵਲਾਇਤ ਪਾਸ (1961), ਖੇਡਣ ਦੇ ਦਿਨ ਚਾਰ (1962), ਗੀਤ ਬਹਾਰਾਂ ਦੇ (1964), ਪੰਜਾਬੀ ਫਿਲਮਾਂ ਦੇ ਗੀਤ ਵੀ ਲਿਖੇ ਜਿਨ੍ਹਾਂ ਨੂੰ ਮੁਹੰਮਦ ਰਫੀ, ਆਸ਼ਾ ਭੋਂਸਲੇ, ਸੁਮਨ ਕਲਿਆਣਪੁਰ ਵਰਗੇ ਵੱਡੇ ਕਲਾਕਾਰਾਂ ਨੇ ਆਵਾਜ਼ ਦਿੱਤੀ। ਇਹਨਾਂ ਵਿੱਚੋਂ ਹੀ ਫਿਲਮ 'ਖੇਡਣ ਦੇ ਦਿਨ ਚਾਰ' ਵਿਚਲਾ ਨਿਮਨ ਗੀਤ ਜੋ ਕਿ ਮੁਹੰਮਦ ਰਫੀ ਦੀ ਆਵਾਜ਼ ਵਿੱਚ ਰਿਕਾਰਡ ਹੋਇਆ। ਇਹ ਗੀਤ ਰਫੀ ਦੇ ਸੁਪਰਹਿੱਟ ਗੀਤਾਂ ਵਿੱਚੋਂ ਇੱਕ ਹੈ:

ਰਾਵੀ ਛੱਡ ਚੱਲੇ ਆਂ, ਝਨਾਂ ਛੱਡ ਚੱਲੇ ਆਂ,
ਵਤਨਾਂ ਦੀ ਮਿੱਠੀ ਮਿੱਠੀ ਛਾਂ ਛੱਡ ਚੱਲੇ ਆਂ

ਦੇਸ਼ ਦੀ ਆਜ਼ਾਦੀ ਤੋਂ ਅਗਲੇ ਵਰ੍ਹੇ ਸ਼ੁਰੂ ਹੋਏ ਭਾਖੜਾ ਡੈਮ, ਜਿਸ ਦੇ ਪਾਣੀ ਨਾਲ ਪੰਜਾਬ ਦੀ ਖੇਤੀ ਨੂੰ ਇੱਕ ਨਵੀਂ ਦਿਸ਼ਾ ਮਿਲੀ ਤੇ ਨੂਰਪੁਰੀ ਲਿਖਦਾ ਹੈ:

ਭਾਖੜੇ ਤੋਂ ਆਉਂਦੀ ਮੁਟਿਆਰ ਇੱਕ ਨੱਚਦੀ,
ਚੰਦ ਨਾਲੋਂ ਸੋਹਣੀ, ਉੱਤੇ ਚੁੰਨੀ ਸੁੱਚੇ ਕੱਚ ਦੀ

ਨੂਰਪੁਰੀ ਨੇ ਹਰ ਵੰਨਗੀ ਦੇ ਗੀਤ ਲਿਖੇ, ਉਹਦੇ ਗੀਤਾਂ ਵਿੱਚ ਸਿੱਖਿਆ ਤੇ ਸੰਦੇਸ਼ ਹੈ:

ਦਾਤੇ ਦੀਆਂ ਬੇਪ੍ਰਵਾਹੀਆਂ ਤੋਂ, ਤੂੰ ਬੇਪ੍ਰਵਾਹਾ ਡਰਿਆ ਕਰ
ਤੂੰ ਹਰਦਮ ਦਮ ਦਮ ਕਰਦਾ ਏਂ, ਦਮ ਦੇਣੇ ਨੇਂ ਦਮ ਭਰਿਆ ਕਰ

ਇਹ ਫ਼ਕੀਰ ਕਿਸਮ ਦਾ ਸ਼ਾਇਰ ਸਾਰੀ ਉਮਰ ਭੁੱਖ-ਨੰਗ ਨਾਲ ਹੀ ਦਸਤਪੰਜਾ ਲੈਂਦਾ ਰਿਹਾ। ਆਪਣੇ ਨਿੱਜੀ ਤਜ਼ਰਬੇ 'ਚੋਂ ਨੰਦ ਲਾਲ ਅਕਸਰ ਕਿਹਾ ਕਰਦਾ ਸੀ ਕਿ, 'ਸ਼ੇਅਰ ਕਹਿਣਾ ਜਾਂ ਤਾਂ ਬਾਦਸ਼ਾਹਾਂ ਦਾ ਕੰਮ ਹੈ ਜਾਂ ਫੇਰ ਫ਼ਕੀਰਾਂ ਦਾ ਕਿਉਂਕਿ ਇਹ ਦੋਵੇਂ ਹੀ ਆਰਥਿਕ ਪੱਖੋਂ ਪੂਰੀਆਂ ਹੋਣ ਵਾਲੀਆਂ ਲੋੜਾਂ ਲਈ ਕਿਸੇ ਦੇ ਮੁਹਤਾਜ ਨਹੀਂ ਹੁੰਦੇ।'

ਨੂਰਪੁਰੀ ਨੇ ਕਦੇ ਵੀ ਸਰਕਾਰੀ ਸਨਮਾਨ ਲਈ, ਆਪਣੀਆਂ ਲਿਖਤਾਂ 'ਤੇ ਗੋਸ਼ਟੀਆਂ ਕਰਾਉਣ ਲਈ, ਪਰਚੇ ਲਿਖਵਾ ਕੇ ਪੜ੍ਹਾਉਣ ਦੇ ਤਰਲੇ ਨਹੀਂ ਕੀਤੇ। ਉਸ 'ਤੇ ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਉਹ ਢਹਿੰਦੀ ਕਲਾ ਵਾਲੀਆਂ ਰਚਨਾਵਾਂ ਲਿਖਣ ਲੱਗ ਪਿਆ:

ਚੱਲ ਜੀਆ ਘਰ ਆਪਣੇ ਚੱਲੀਏ, ਨਾ ਕਰ ਮੱਲਾ ਅੜੀਆਂ
ਇਹ ਪ੍ਰਦੇਸ, ਦੇਸ਼ ਨਹੀਂ ਸਾਡਾ, ਏਥੇ ਗੁੰਝਲਾਂ ਬੜੀਆਂ

13 ਮਈ 1966 ਦੀ ਅੱਧੀ ਰਾਤ ਨੂੰ ਨੰਦ ਲਾਲ ਦੇ ਘਰ ਨੇੜਲੇ ਖੂਹ ਵਿੱਚ ਜਦ ਖੜਾਕ ਹੋਇਆ ਤਾਂ ਲੋਕ ਖੂਹ ਵੱਲ ਨੱਸੇ। ਖੂਹ ਦੇ ਲਾਗੇ ਨੂਰਪੁਰੀ ਦੀਆਂ ਚੱਪਲਾਂ ਸਿਆਣ ਕੇ ਇੱਕ ਮਾਤਮ ਛਾ ਗਿਆ। ਨੂਰਪੁਰੀ ਦੀ ਆਤਮ-ਹੱਤਿਆ ਇਸ ਸਿਸਟਮ ਦੇ ਮੱਥੇ ਤੇ ਕਲੰਕ ਹੈ। ਨੰਦ ਲਾਲ ਨੇ ਆਪਣੀ ਕਵਿਤਾ ਦੇ ਮੁਢਲੇ ਦੌਰ ਵਿੱਚ ਖੁਸ਼ਹਾਲ ਭਾਰਤ ਦੇ ਸੁਪਨਿਆਂ ਦੀ ਮੰਜ਼ਿਲ ਮਿੱਥੀ ਹੋਈ ਸੀ। ਉਸਦੇ ਮਨ ਵਿੱਚ ਉਕਰੀ ਹੋਈ ਉਹ ਇਮਾਰਤ ਜਦ ਢਹਿਣੀ ਸ਼ੁਰੂ ਹੋ ਗਈ ਤਾਂ ਉਹ ਇਸ ਇਮਾਰਤ ਦਾ ਮਲਬਾ ਚੁੱਕਣ ਵੇਲੇ ਆਪਣਾ ਮਾਨਸਿਕ ਸੰਤੁਲਨ ਗਵਾ ਬੈਠਿਆ। ਨੂਰਪੁਰੀ ਦਾ ਘਾਟਾ ਕਦੇ ਵੀ ਪੰਜਾਬੀ ਜਗਤ ਤੋਂ ਪੂਰਾ ਨਹੀਂ ਹੋਵੇਗਾ।

facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਮੁਕਤਸਰ ਵੱਲ ਸ਼ਰਾਬ ਬਿਨਾਂ ਸੇਵਾ ਸਤਿਕਾਰ ਨਹੀਂ

(ਨਰਿੰਦਰ ਚਾਹਲ ਬਾਈ ਜੀ ਦੀ ਫੇਸਬੁੱਕ ਉੱਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)

ਹੁਣ ਮੁਕਤਸਰੀਏ ਕਿੰਨੇ ਕੁ ਬਦਲ ਗਏ ਹਨ, ਮੈਨੂੰ ਤਾਜ਼ਾ ਨਹੀਂ ਪਤਾ, ਪਰ ਮੈਂ 1971-74 ਦੀ ਗੱਲ ਕਰਦਾ ਹਾਂ, ਜਦ ਮੈਂ ਉੱਥੇ ਸਰਕਾਰੀ ਕਾਲਜ ਮੁਕਤਸਰ ਪੜ੍ਹਦਾ ਸੀ, ਤਾਂ ਜਦ ਤੁਸੀਂ ਕਿਸੇ ਦੇ ਘਰ ਜਾਂਦੇ ਸੀ ਤਾਂ ਜਿੰਨਾ ਚਿਰ ਤੁਸੀਂ ਉਹਨਾਂ ਨਾਲ ਬਹਿ ਕੇ ਸ਼ਰਾਬ ਦੇ ਇੱਕ ਜਾਂ ਦੋ ਪੈੱਗ ਨਹੀਂ ਸੀ ਲਾਉਂਦੇ, ਉਹ ਸਮਝਦੇ ਸਨ, ਤੁਸੀਂ ਉਹਨਾਂ ਦਾ ਪਿਆਰ ਕਬੂਲ ਨਹੀਂ ਕੀਤਾ ਤੇ ਉਹਨਾਂ ਦੀ ਸੇਵਾ ਅਧੂਰੀ ਹੈ, ਉਹ ਤਾਂਹੀ ਬਾਗੋ ਬਾਗ਼ ਹੁੰਦੇ ਸੀ ਜਦ ਤੁਸੀਂ ਉਹਨਾਂ ਦੀ ਲਿਆਂਦੀ ਸ਼ਰਾਬ ਦੀ ਬੋਤਲ ਚੋਂ ਉਹਨਾਂ ਨਾਲ ਬਹਿ ਕੇ ਪੈੱਗ ਲਾਉਂਦੇ ਸੀ, ਉਦੋਂ ਤਾਂ ਸ਼ਰਾਬ ਵੀ ਜਿਆਦਾਤਾਰ ਘਰ ਦੀ ਕੱਢੀ ਹੁੰਦੀ ਸੀ, ਲੌਂਗ ਲੈਚੀਆਂ ਤੇ ਇਹੋ ਜਿਹਾ ਹੋਰ ਕਿੰਨਾ ਕੁੱਝ ਪਾ ਕੇ ਬਣਾਈ ਹੁੰਦੀ ਸੀ,

ਇਸ ਦਾ ਮੈਨੂੰ ਪਹਿਲਾ ਅਹਿਸਾਸ ਉਦੋਂ ਹੋਇਆ ਜਦ ਮੈਂ ਆਪਣੇ ਦੋਸਤ ਸੰਪੂਰਨ ਸਿੰਘ ਜਿਸ ਨੂੰ ਸਾਰੇ ਪਿਆਰ ਨਾਲ ਠੂਲੀ ਕਹਿੰਦੇ ਸਨ, ਦੇ ਪਿੰਡ ਭਾਗਸਰ ਪਹਿਲੀ ਵਾਰ ਉਹਨਾਂ ਦੇ ਘਰ ਗਿਆ, ਅਸੀਂ ਮੁਕਤਸਰ ਵਾਲੀ ਗੱਡੀ ਤੋਂ ਉੱਤਰ ਕੇ ਉਹਨਾਂ ਦੇ ਘਰ ਸ਼ਾਮ ਨੂੰ ਅਜੇ ਪਹੁੰਚੇ ਹੀ ਸੀ ਕਿ ਠੂਲੀ ਦੇ ਡੈਡੀ ਜਿਸ ਨੂੰ ਉਹ ਬਾਈ ਕਹਿੰਦਾ ਸੀ, ਸ਼ਰਾਬ ਦੀ ਇੱਕ ਬੋਤਲ ਜਿਸ ਦਾ ਰੰਗ ਬਿਲਕੁਲ ਨੀਲਾ ਸੀ, ਮੇਰੇ ਕੋਲ ਲੈ ਆਏ ਤੇ ਮੇਰੇ ਕੋਲ ਮੇਰੇ ਮੰਜੇ ਤੇ ਬੈਠ ਗਏ, ਉਹਨਾਂ ਦੇ ਹੱਥ ਵਿੱਚ ਦੋ ਗਿਲਾਸ ਸਨ ਤੇ ਡੋਲੂ ਚ ਪਾਣੀ, ਮੇਰੇ ਕੋਲ ਬੈਠ ਉਹਨਾਂ ਸ਼ਰਾਬ ਦੇ ਦੋ ਪੈੱਗ ਬਣਾਏ, ਇੱਕ ਗਲਾਸ ਮੈਨੂੰ 

# ਪੁਲਿਸ ਹਿਰਾਸਤ ਵਿੱਚ ਮਾਰੇ ਗਏ ਗਰੇਅ ਕੇਸ ਵਿਚਲੇ ਦੋਸ਼ੀਆਂ ਨੂੰ ਕਲੀਨ ਚਿੱਟ ਮਿਲੀ



ਸਰੀ (ਪੰਜਾਬੀ ਅਖ਼ਬਾਰ ਬਿਊਰੋ) ਨੌ ਸਾਲ ਪਹਿਲਾਂ ਵੈਨਕੂਵਰ ਪੁਲੀਸ ਦੇ ਸੱਤ ਅਧਿਕਾਰੀਆਂ ਵੱਲੋਂ ਇੱਕ ਵਿਅਕਤੀ ਮਾਈਲਸ ਗਰੇਅ ਦੀ ਗਿਰਫਤਾਰੀ ਦੇ ਦੌਰਾਨ ਹੋਈ ਮੌਤ ਦੇ ਮਾਮਲੇ ਵਿੱਚ ਇਹਨਾਂ ਪੁਲਿਸ ਅਧਿਕਾਰੀਆਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ ਹੈ। ਵਰਣਨ ਯੋਗ ਹੈ ਕਿ 2015 ਵਿੱਚ ਜਦੋਂ ਗਰੇਅ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਸੀ ਤਾਂ ਉਸ ਵਕਤ ਉਸ ਦੀ ਗਰਦਨ ਉੱਪਰ ਪਏ ਦਬਾਅ ਜਖਮਾਂ ਪੈਪਰ ਸਪਰੇ ਦੀ ਵਰਤੋਂ ਅਤੇ ਜਦੋਂ ਉਸਦੇ ਹੱਥ ਪਿੱਛੇ ਬੱਝੇ ਹੋਏ ਸਨ ਤਾਂ ਉਸ ਨੂੰ ਢਿੱਡ ਦੇ ਭਾਰ ਰੱਖਣਾ ਆਦਿ ਉਸਦੀ ਮੌਤ ਦੇ ਕਾਰਨ ਬਣੇ ਸਨ ਜਿਸ ਉਪਰੰਤ ਪਿਛਲੇ ਸਾਲ ਇਸ ਨੂੰ ਹੱਤਿਆ ਦੇ ਤੌਰ ਤੇ ਮੰਨਿਆ ਗਿਆ ਸੀ ਪਰ ਹੁਣ ਇਹਨਾਂ ਸਾਰੇ ਪੁਲਿਸ ਅਧਿਕਾਰੀਆਂ ਨੂੰ ਇਸ ਮਾਮਲੇ ਵਿੱਚ ਕਲੀਨ ਚਿੱਟ ਦੇ ਦਿੱਤੀ ਗਈ ਹੈ। ਕਮਿਸ਼ਨਰ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਹੈ ਕਿ ਡੈਲਟਾ ਪੁਲਿਸ ਚੀਫ ਦੇ ਅਧੀਨ ਹੋਈ ਜਾਂਚ ਵਿੱਚ ਕਿਸੇ ਵੀ ਪੁਲਿਸ ਅਧਿਕਾਰੀ ਨੂੰ ਦੋਸ਼ੀ ਨਹੀਂ ਮੰਨਿਆ ਗਿਆ ਹੈ ਅਤੇ ਮਿਲੇ ਤੱਥਾਂ ਵਿੱਚ ਸਾਹਮਣੇ ਆਇਆ ਹੈ ਕਿ ਉਸ ਵਕਤ ਕਿਸੇ ਵੀ ਪੁਲਿਸ ਅਧਿਕਾਰੀ ਨੇ ਕੋਈ ਵੀ ਗਲਤ ਕਾਰਵਾਈ ਨਹੀਂ ਕੀਤੀ। ਉਹਨਾਂ ਆਖਿਆ ਕਿ ਹੁਣ ਸ਼ਿਕਾਇਤ ਕਮਿਸ਼ਨਰ ਨੇ ਇਹ ਫੈਸਲਾ ਲੈਣਾ ਹੈ ਕਿ ਇਸ ਮਾਮਲੇ ਵਿੱਚ ਕਿਸੇ ਸੇਵਾ ਮੁਕਤ ਜੱਜ ਕੋਲੋਂ ਰਿਵਿਊ ਕਰਵਾਉਣਾ ਹੈ ਜਾਂ ਨਹੀਂ।

# 25 ਸਾਲ ਦੀ ਉਮਰ ਦੇ ਐਂਥਨੀ ਕੋਲੋਂ 20 ਕਿਲੋ ਡਰੱਗ ਫੜੀ ਗਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਪੁਲਿਸ ਵੱਲੋਂ ਇੱਕ ਵਿਅਕਤੀ ਨੂੰ ਜਹਾਜ਼ ਰਾਹੀਂ ਲਗਭਗ 20 ਕਿਲੋ ਡਰੱਗਸ ਤਸਕਰੀ ਦੇ ਦੋਸ਼ ਅਧੀਨ ਗ੍ਰਿਫਤਾਰ ਕੀਤਾ ਗਿਆ ਹੈ ਜਿਸ ਦੀ ਕੀਮਤ ਲਗਭਗ ਤਿੰਨ ਲੱਖ ਡਾਲਰ ਬਣਦੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੈਲਗਰੀ ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਕੈਲਗਰੀ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਆਇਆ ਸੀ ਅਤੇ ਉਸ ਨੇ ਵੈਨਕੂਵਰ ਹੁੰਦਿਆਂ ਹੋਇਆਂ ਕੋਰੀਆ ਜਾਣਾ ਸੀ ।ਜਦੋਂ ਉਸਦੇ ਸਾਮਾਨ ਵਿੱਚ ਕੁੱਝ ਸ਼ੱਕੀ ਵਸਤੂ ਹੋਣ ਦਾ ਪਤਾ ਲੱਗਾ ਤਾਂ ਤਲਾਸ਼ੀ ਲੈਣ ਤੇ ਉਸ ਵਿੱਚੋਂ 20 ਕਿਲੋ ਮੈਥ ਬਰਾਮਦ ਹੋਈ ਪਰ ਉਸ ਵਕਤ ਇਹ ਵਿਅਕਤੀ ਫਲਾਈਟ ਲੈ ਕੇ ਵੈਨਕੂਵਰ ਲਈ ਰਵਾਨਾ ਹੋ ਚੁੱਕਾ ਸੀ ਤੇ ਵੈਨਕੂਵਰ ਵਿੱਚ ਇਸ ਵਿਅਕਤੀ ਨੂੰ ਆਰਸੀਐਮਪੀ ਨੇ ਗ੍ਰਿਫਤਾਰ ਕਰ ਲਿਆ ਸੀ। ਪਰ ਉਸ ਵਕਤ ਜਾਂਚ ਸਬੰਧੀ ਕੁੱਝ ਬੰਦਿਸ਼ਾਂ ਕਾਰਨ ਉਸ ਨੂੰ ਰਿਹਾ ਕਰ ਦਿੱਤਾ ਗਿਆ। ਹੁਣ ਉਸ ਨੂੰ ਫਿਰ ਟਰਾਂਟੋ ਵਿੱਚ ਗ੍ਰਿਫਤਾਰ ਕੀਤਾ ਗਿਆ ਅਤੇ ਟਰਾਂਟੋ ਤੋਂ ਬੀਤੇ ਦਿਨ ਉਸ ਨੂੰ ਕੈਲਗਰੀ ਪੁਲਿਸ ਤੇ ਹਵਾਲੇ ਕਰ ਦਿੱਤਾ ਗਿਆ। ਇਸ ਵਿਅਕਤੀ ਦੀ ਪਹਿਚਾਣ ਐਂਥਨੀ ਟੈਂਗ ਦੇ ਤੌਰ ਤੇ ਹੋਈ ਹੈ ਜਿਸ ਦੀ ਉਮਰ 25 ਸਾਲ ਦੱਸੀ ਜਾ ਰਹੀ ਹੈ।

# ਪ੍ਰਸਿੱਧ ਉਦਯੋਗਪਤੀ ਰਤਨ ਟਾਟਾ ਦਾ 86 ਸਾਲ ਦੀ ਉਮਰ ਵਿੱਚ ਦੇਹਾਂਤ ਹੋਇਆ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਪ੍ਰਸਿੱਧ ਭਾਰਤੀ ਉਦਯੋਗਪਤੀ ਅਤੇ ਟਾਟਾ ਸੰਨਜ਼ ਦੇ ਆਨਰੇਰੀ ਚੇਅਰਮੈਨ ਰਤਨ ਨਵਲ ਟਾਟਾ ਨਹੀਂ ਰਹੇ, ਉਨ੍ਹਾਂ ਦਾ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿੱਚ ਦੇਹਾਂਤ ਹੋ ਗਿਆ। 86 ਸਾਲਾ ਕਾਰਪੋਰੇਟ ਦਿੱਗਜ ਰਤਨ ਟਾਟਾ ਉਮਰ ਸੰਬੰਧੀ ਬੀਮਾਰੀਆਂ ਤੋਂ ਪੀੜਤ ਸਨ। ਰਤਨ ਟਾਟਾ ਨੂੰ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ, ਹਾਲਾਂਕਿ ਉਨ੍ਹਾਂ ਦੀ ਹਾਲਤ 'ਚ ਸੁਧਾਰ ਦੀ ਖ਼ਬਰ ਵੀ ਸਾਹਮਣੇ ਆਈ ਸੀ, ਜਿਸ ਤੋਂ ਬਾਅਦ ਉਸ ਦੇ ਚਾਹੁਣ ਵਾਲਿਆਂ ਨੇ ਸੁੱਖ ਦਾ ਸਾਹ ਲਿਆ ਸੀ। ਪਰ ਹੁਣ ਰਤਨ ਟਾਟਾ ਦੇ ਦੇਹਾਂਤ ਦੀ ਖ਼ਬਰ ਨਾਲ ਪੂਰੇ ਦੇਸ਼ 'ਚ ਸੋਗ ਦੀ ਲਹਿਰ ਫੈਲ ਗਈ ਹੈ। ਉਨ੍ਹਾਂ ਦੇ ਪ੍ਰਸ਼ੰਸਕ ਸੋਸ਼ਲ ਮੀਡੀਆ 'ਤੇ ਉਨ੍ਹਾਂ ਨੂੰ ਭਾਵਪੂਰਤ ਸ਼ਰਧਾਂਜਲੀ ਦੇ ਰਹੇ ਹਨ। ਰਤਨ ਟਾਟਾ ਜਿੰਨੇ ਸਫਲ ਉਦਯੋਗਪਤੀ ਸਨ, ਉਹ ਓਨੇ ਹੀ ਮਹਾਨ ਪਰਉਪਕਾਰੀ ਵੀ ਸਨ। ਉਨ੍ਹਾਂ ਨੇ ਕਈ ਮੌਕਿਆਂ 'ਤੇ ਗਰੀਬ ਅਤੇ ਲੋੜਵੰਦ ਲੋਕਾਂ ਦੀ ਮੱਦਦ ਕੀਤੀ। ਰਤਨ ਟਾਟਾ ਦਾ ਜਨਮ 28 ਦਸੰਬਰ 1937 ਨੂੰ ਮੁੰਬਈ ਵਿੱਚ ਹੋਇਆ ਸੀ,ਉਨ੍ਹਾਂ ਨੇ ਉੱਚ ਵਿੱਦਿਆ ਹਾਵਰਡ ਬਿਜ਼ਨਸ ਸਕੂਲ ਤੋਂ ਹਾਸਲ ਕੀਤੀ।1990 ਤੋਂ 2012 ਤੱਕ ਉਹ ਟਾਟਾ ਗਰੁੱਪ ਦੇ ਚੇਅਰਮੈਨ ਰਹੇ। ਉਨਾਂ ਨੂੰ Padma Bhushan , Maharashtra Bhushan , Padma iVbhushan , Honorary Kinght Grand Cross of the Order of the Biritsh Emipre , Order of Austraila ਅਤੇ Assam Biabhav ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ ਸੀ। ਦੇਸ਼ ਅਤੇ ਦੁਨੀਆਂ ਦੀਆਂ ਪ੍ਰਮੁੱਖ ਹਸਤੀਆਂ ਵੱਲੋਂ ਰਤਨ ਟਾਟਾ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਸ਼ੋਕ ਸੁਨੇਹੇ ਭੇਜੇ ਜਾ ਰਹੇ ਹਨ।

# ਪੁਲਿਸ ਅਤੇ ਆਮ ਲੋਕਾਂ ਦੀ ਚੌਕਸੀ ਕਾਰਣ ਸਵਾਨਾ ਪਲਾਜ਼ਾ ਵਿੱਚ ਹੁਲੜਬਾਜ਼ੀ ਨੂੰ ਨੱਥ ਪੈਣ ਲੱਗੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਪੰਜਾਬੀਆਂ ਦੀ ਵੱਡੀ ਵਸੋਂ ਵਾਲੇ ਇਲਾਕੇ ਨੌਰਥ ਈਸਟ ਵਿੱਚ ਪੈਂਦੇ ਸਵਾਨਾ ਪਲਾਜ਼ਾ ਵਿੱਚ ਹੁੰਦੀ ਹੁੱਲੜਬਾਜ਼ੀ ਤੋਂ ਪਰੇਸ਼ਾਨ ਸਥਾਨਕ ਲੋਕਾਂ ਵੱਲੋਂ ਲੰਬੇ ਸਮੇਂ ਤੋਂ ਸ਼ਿਕਾਇਤਾਂ ਕੀਤੀਆਂ ਜਾ ਰਹੀਆਂ ਸਨ ਜਿਸ ਤੋਂ ਬਾਅਦ ਸਿਟੀ ਕੌਂਸਲਰ ਅਤੇ ਪੁਲਿਸ ਵੱਲੋਂ ਮਿਲ ਕੇ ਪਿਛਲੇ ਮਹੀਨੇ ਇਹਨਾਂ ਘਟਨਾਵਾਂ ਨੂੰ ਰੋਕਣ ਵਾਸਤੇ ਯਤਨ ਕੀਤੇ ਗਏ। ਇਸੇ ਤਹਿਤ ਪੁਲਿਸ ਅਤੇ ਵਾਰਡ ਨੰਬਰ ਪੰਜ ਤੋਂ ਕੌਂਸਲਰ ਰਾਜ ਧਾਲੀਵਾਲ ਨੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਦੱਸਿਆ ਕਿ ਇਸ ਹੁੱਲੜਬਾਜ਼ੀ ਅਤੇ ਗੱਡੀਆਂ ਨਾਲ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਨੂੰ ਰੋਕਿਆ ਜਾ ਰਿਹਾ ਹੈ। ਪਰ ਇਸ ਸਭ ਕੁੱਝ ਲਈ ਆਮ ਲੋਕਾਂ ਦੇ ਸਹਿਯੋਗ ਦੀ ਵੀ ਜਰੂਰਤ ਹੈ ਉਹ ਜਦੋਂ ਵੀ ਕਿਤੇ ਕੁੱਝ ਗਲਤ ਹੁੰਦਾ ਦੇਖਦੇ ਹਨ ਤਾਂ ਤੁਰੰਤ ਪੁਲਿਸ ਨੂੰ ਸੂਚਿਤ ਕਰਨਾ ਵੀ ਇੱਕ ਚੰਗੇ ਨਾਗਰਿਕ ਹੋਣ ਦੇ ਨਾਤੇ ਆਪਣਾ ਫਰਜ ਨਿਭਾਉਣ। ਪਹਿਲਾਂ ਨਾਲੋਂ ਮਾਹੌਲ ਵਿੱਚ ਵੱਡਾ ਬਦਲਾਅ ਆਇਆ ਹੈ ਜਿਸ ਦਾ ਕਾਰਣ ਆਮ ਲੋਕਾਂ ਦਾ ਸਹਿਯੋਗ ਹੀ ਹੈ।

# ਫਰਾਂਸ ਵੱਲੋਂ ਰਹਿਣ ਲਈ ਨਾਂਹ ਨੁਕਰ ਉਪਰੰਤ ਲਾਦੇਨ ਦਾ ਬੇਟਾ ਕਤਰ ਚਲਾ ਗਿਆ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਫਰਾਂਸ ਨੇ ਅੱਤਵਾਦੀ ਓਸਾਮਾ ਬਿਨ ਲਾਦੇਨ ਦੇ ਬੇਟੇ ਉਮਰ ਬਿਨ ਲਾਦੇਨ ਦੇ ਦੇਸ਼ ਪਰਤਣ 'ਤੇ ਹਮੇਸ਼ਾ ਲਈ ਪਾਬੰਦੀ ਲਗਾ ਦਿੱਤੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਫਰਾਂਸ ਦੇ ਗ੍ਰਹਿ ਮੰਤਰੀ ਬਰੂਨੋ ਰਿਤੇਊ ਨੇ ਇਸ ਹੁਕਮ 'ਤੇ ਦਸਤਖਤ ਕੀਤੇ ਹਨ । ਗ੍ਰਹਿ ਮੰਤਰੀ ਰਿਤੇਊ ਨੇ ਕਿਹਾ ਕਿ ਹੁਣ ਉਮਰ ਬਿਨ ਲਾਦੇਨ ਦੇ ਫਰਾਂਸ ਵਾਪਸ ਆਉਣ ਦੀ ਉਮੀਦ ਹਮੇਸ਼ਾ ਲਈ ਖਤਮ ਹੋ ਗਈ ਹੈ। ਰਿਤੇਊ ਨੇ ਕਿਹਾ ਕਿ ਉਮਰ ਨੇ ਸੋਸ਼ਲ ਮੀਡੀਆ 'ਤੇ ਅੱਤਵਾਦ ਨੂੰ ਉਤਸ਼ਾਹਿਤ ਕਰਨ ਨਾਲ ਜੁੜੀਆਂ ਪੋਸਟਾਂ ਕੀਤੀਆਂ ਸਨ। 43 ਸਾਲਾ ਉਮਰ 2016 ਤੋਂ ਫਰਾਂਸ ਦੇ ਨੌਰਮੈਂਡੀ ਵਿੱਚ ਰਹਿ ਰਿਹਾ ਸੀ। ਉਸਨੇ ਬ੍ਰਿਟਿਸ਼ ਨਾਗਰਿਕ ਜ਼ੈਨਾ ਮੁਹੰਮਦ ਅਲ-ਸਬਾਹ (ਜੇਨ ਫੇਲਿਕਸ ਬ੍ਰਾਊਨ) ਨਾਲ ਵਿਆਹ ਕੀਤਾ, ਜਿਸ ਤੋਂ ਬਾਅਦ ਉਸਨੂੰ ਫਰਾਂਸ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਗਈ। ਇੱਥੇ ਉਹ ਪੇਂਟਿੰਗ ਕਰ ਕੇ ਆਪਣੀ ਰੋਜ਼ੀ-ਰੋਟੀ ਕਮਾਉਂਦਾ ਸੀ। ਵਰਨਣਯੋਗ ਹੈ ਕਿ ਪਿਛਲੇ ਸਾਲ ਉਮਰ ਨੇ ਪਿਤਾ ਓਸਾਮਾ ਬਿਨ ਲਾਦੇਨ ਦੇ ਜਨਮ ਦਿਨ 'ਤੇ ਇੱਕ ਪੋਸਟ ਪਾਈ ਸੀ। ਇਸ ਵਿੱਚ ਉਸਨੇ ਆਪਣੇ ਪਿਤਾ ਦੀ ਤਾਰੀਫ ਕੀਤੀ। ਇਸ ਨੂੰ ਅੱਤਵਾਦ ਦੇ ਸਮਰਥਨ ਵੱਜੋਂ ਦੇਖਿਆ ਗਿਆ। ਇਸ ਤੋਂ ਬਾਅਦ ਉਸ ਦਾ ਫਰਾਂਸ ਵਿੱਚ ਰਹਿਣ ਦਾ ਪਰਮਿਟ ਦੋ ਸਾਲ ਲਈ ਰੱਦ ਕਰ ਦਿੱਤਾ ਗਿਆ ਅਤੇ ਇਸ ਤੋਂ ਬਾਅਦ ਉਹ ਆਪਣੀ ਪਤਨੀ ਨਾਲ ਕਤਰ ਚਲਾ ਗਿਆ।

# ਕੈਲਗਰੀ ਦੇ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਇਲਾਕੇ ਵਿੱਚ ਗੋਲੀਆਂ ਚੱਲੀਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਇਲਾਕੇ ਸੈਡਲਰਿੱਜ ਵਿੱਚ ਇੱਕ ਗੋਲੀ ਚੱਲਣ ਦੀ ਵਾਰਦਾਤ ਦੌਰਾਨ ਦੋ ਜਣਿਆਂ ਦੇ ਜ਼ਖਮੀ ਹੋਣ ਦੀ ਖ਼ਬਰ ਹੈ। ਕੈਲਗਰੀ ਪੁਲਿਸ ਨੂੰ ਸਵੇਰੇ 5:47 ਉੱਪਰ ਵਾਪਰੀ ਉਕਤ ਘਟਨਾ ਦੀ ਜਾਣਕਾਰੀ ਮਿਲੀ। ਸੈਡਲਲੇਕ ਗਰੀਨ ਨਾਰਥ ਈਸਟ ਕੈਲਗਰੀ ਵਿਖੇ ਮੌਕੇ ਉੱਪਰ ਪੁਜੀ ਪੁਲਿਸ ਨੂੰ ਦੋ ਜਣੇ ਗੰਨ ਸ਼ਾਟ ਕਾਰਣ ਗੰਭੀਰ ਜਖ਼ਮੀ ਹਾਲਾਤ ਵਿੱਚ ਮਿਲੇ ਜਿਹਨਾਂ ਨੂੰ ਤੁਰੰਤ ਇਲਾਜ ਲਈ ਹਸਪਤਾਲ ਲੈਜਾਇਆ ਗਿਆ। ਜਾਂਚ ਕਰ ਰਹੀ ਪੁਲਿਸ ਕੋਲ ਮੌਕੇ ਉੱਪਰ ਖਲੋਤੇ ਪਿੱਕਅੱਪ ਟਰੱਕ ਦੀ ਵਿੰਡੋ ਵਿੱਚ ਦੋ ਗੋਲੀਆਂ ਦੇ ਨਿਸ਼ਾਨ ਹਨ। ਆਂਢ-ਗੁਆਂਢ ਦੇ ਵਸਨੀਕਾਂ ਅਨੁਸਾਰ ਉਹਨਾਂ ਨੂੰ ਛੇ ਸੱਤ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਆਂਢ ਗੁਆਂਢ ਦੇ ਕੈਮਰਿਆਂ ਅਨੁਸਾਰ ਇੱਕ ਵਿਆਕਤੀ ਨੂ ਘਟਨਾਂ ਸਮੇਂ ਇੱਕ ਕਾਲੇ ਰੰਗ ਦੀ ਕਾਰ ਵੱਲ ਭੱਜਦਿਆਂ ਦੱਸਿਆ ਜਾ ਰਿਹਾ ਹੈ। ਪੁਲਿਸ ਨੇ ਇਸ ਘਟਨਾ ਸਬੰਧੀ ਹਾਲੇ ਹੋਰ ਵੇਰਵੇ ਦੇਣ ਤੋਂ ਨਾਂਹ ਕੀਤੀ ਹੈ। ਉਹਨਾਂ ਕਿਹਾ ਕਿ ਹਾਲੇ ਜਾਂਚ ਜਾਰੀ ਹੈ।

# ਸੇਵਾ ਸਿੰਘ ਪ੍ਰੇਮੀ ਇੱਕਾ ਦੇ ਮੁੜ ਪ੍ਰਧਾਨ ਚੁਣੇ ਗਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਾਲ 2024-2026 ਲਈ ਪ੍ਰਤੀਨਿਧੀ ਕੌਂਸਲ ਦੀ ਚੋਣ ਕਰਨ ਲਈ ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਮੈਂਬਰਾਂ ਦੀ ਸਾਲਾਨਾ ਜਨਰਲ ਬਾਡੀ ਮੀਟਿੰਗ 12 ਅਕਤੂਬਰ, 2024 ਨੂੰ ਦੁਪਹਿਰ 2 ਵਜੇ ਦੇ ਦਫ਼ਤਰ ਵਿੱਚ ਹੋਈ। ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੇ ਇਸ ਅਹਿਮ ਮੀਟਿੰਗ ਵਿੱਚ ਹਾਜ਼ਿਰ ਸਭਨਾਂ ਦਾ ਸਵਾਗਤ ਕੀਤਾ ਅਤੇ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਉਸਨੇ ਫਿਰ 2023 ਸਾਲ ਦੌਰਾਨ ਸਾਰੀਆਂ ਘਟਨਾਵਾਂ ਦੀ ਰਿਪੋਰਟ ਅਤੇ ਹੋਰ ਵਿਕਾਸ ਦੇ ਕੰਮਾਂ ਨੂੰ ਪੜ੍ਹਿਆ। ਉਨ੍ਹਾਂ ਨੇ ਮੈਂਬਰਾਂ ਦਾ ਬਿਨਾਂ ਸ਼ਰਤ ਸਮਰਥਨ ਅਤੇ ਉਤਸ਼ਾਹ ਅਤੇ ਉਤਸ਼ਾਹ ਨਾਲ ਅੱਗੇ ਵਧਣ ਲਈ ਧੰਨਵਾਦ ਕੀਤਾ। ਸਕੱਤਰ ਨੇ ਚੋਣ ਕਮੇਟੀ ਦੇ ਚੇਅਰਮੈਨ ਦਲਜੀਤ ਸਿੰਘ ਜੌਹਲ, ਮੈਂਬਰ ਗੁਰਮੇਲ ਸਿੰਘ ਗਰੇਵਾਲ ਅਤੇ ਬਲਜੀਤ ਸਿੰਘ ਪੁਰਬਾ ਨੂੰ ਚੋਣ ਅਮਲ ਨੂੰ ਅੱਗੇ ਵਧਾਉਣ ਦਾ ਸੱਦਾ ਦਿੱਤਾ। ਚੇਅਰਮੈਨ ਨੇ ਅਗਲੀ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਦੀ ਸਰਬਸੰਮਤੀ ਨਾਲ ਚੋਣ ਕਰਨ ਦੀ ਭੂਮਿਕਾ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਇਸ ਸੂਚੀ ਦਾ ਐਲਾਨ ਕੀਤਾ।ਸੇਵਾ ਸਿੰਘ ਪ੍ਰੇਮੀ - ਪ੍ਰਧਾਨ,ਹਰਚੰਦ ਸਿੰਘ - ਉਪ ਪ੍ਰਧਾਨ,ਸਵਿੰਦਰ ਸਿੰਘ ਫਰਵਾਨ-ਖਜ਼ਾਨਚੀ, ਅਮਰੀਕ ਸਿੰਘ ਸਰੋਆ - ਸਕੱਤਰ,ਕੁਲਦੀਪ ਸਿੰਘ ਚੋਹਾਨ - ਡਾਇਰੈਕਟਰ,ਅਬਨਾਸ਼ ਸਿੰਘ ਰਾਣਾ। - ਡਾਇਰੈਕਟਰ,ਬਲਵਿੰਦਰ ਸਿੰਘ ਵਿਰਦੀ - ਡਾਇਰੈਕਟਰ ਇਸ ਤੋਂ ਇਲਾਵਾ ਫਰਵਰੀ 2025 ਵਿੱਚ ਭਾਰਤ ਤੋਂ ਵਾਪਸ ਆਉਣ ਤੋਂ ਬਾਅਦ ਹੋਰ 2 ਹੋਰ ਮੈਂਬਰ ਸ਼ਾਮਲ ਹੋਣਗੇ। ਚੋਣ ਦੀ ਪ੍ਰਕਿਰਿਆ ਪੂਰੀ ਹੋਣ ਉਪਰੰਤ ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਗਰਮ ਚਾਹ ਅਤੇ ਸਨੈਕਸ ਲਈ ਸੱਦਾ ਦਿੱਤਾ।

## ਟਰੰਪ ਦੀ ਅਮਰੀਕੀ ਫ਼ੌਜਾਂ ਨੂੰ ਵਿਦੇਸ਼ਾਂ ਤੋਂ ਬੁਲਾ ਕੇ ਦੇਸ਼ 'ਚ ਤਾਇਨਾਤ ਕਰਨ ਦੀ ਯੋਜਨਾ

ਵਾਸ਼ਿੰਗਟਨ(ਪੰਜਾਬੀ ਅਖਬਾਰ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਅਤੇ ਰੀਪਬਲੀਕਨ ਉਮੀਦਵਾਰ ਡੌਨਲਡ ਟਰੰਪ ਦੀ ਯੋਜਨਾ ਹੈ ਕਿ ਜੇ ਉਹ ਇਸ ਸਾਲ ਨਵੰਬਰ 'ਚ ਰਾਸ਼ਟਰਪਤੀ ਚੋਣ ਜਿੱਤ ਜਾਂਦੇ ਹਨ ਤਾਂ ਯੌਰਪ ਅਤੇ ਪੱਛਮੀ ਏਸ਼ੀਆ 'ਚ ਜਾਰੀ ਯੁੱਧ ਦੇ ਬਾਵਜੂਦ ਅਮਰੀਕੀ ਫ਼ੌਜਾਂ ਨੂੰ ਵਿਦੇਸ਼ਾਂ ਤੋਂ ਬੁਲਾ ਕੇ ਦੇਸ਼ ਦੀਆਂ ਸਰਹੱਦਾਂ 'ਤੇ ਤਾਇਨਾਤ ਕੀਤਾ ਜਾਵੇਗਾ।ਟਰੰਪ ਨੇ ਵਿਦੇਸ਼ਾਂ ਤੋਂ ਹਜ਼ਾਰਾਂ ਅਮਰੀਕੀ ਫ਼ੌਜੀਆਂ ਨੂੰ ਵਾਪਿਸ ਬੁਲਾਉਣ ਅਤੇ ਉਨਾਂ ਨੂੰ ਮੈਕਸੀਕੋ ਨਾਲ ਲੱਗਦੀ ਅਮਰੀਕੀ ਸਰਹੱਦ 'ਤੇ ਤਾਇਨਾਤ ਕਰਨ ਦਾ ਅਹਿਦ ਲਿਆ ਹੈ। ਸਾਬਕਾ ਰਾਸ਼ਟਰਪਤੀ ਨੇ ਉਨਾਂ ਫ਼ੌਜੀ ਅਧਿਕਾਰੀਆਂ ਨੂੰ ਹਟਾਉਣ ਦੀ ਵੀ ਗੱਲ ਕੀਤੀ ਹੈ ਜੋ ਵਿਚਾਰਕ ਤੌਰ 'ਤੇ ਉਨਾਂ ਦੇ ਵਿਰੋਧੀ ਹਨ।

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ

ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

# ਹਥਿਆਰਬੰਦ ਹਮਲੇ ਵਿੱਚ 20 ਖਾਣ ਮਜ਼ਦੂਰ ਮਾਰੇ ਗਏ

ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਪਾਕਿਸਤਾਨ ਦੇ ਅਸ਼ਾਂਤ ਬਲੋਚਿਸਤਾਨ ਸੂਬੇ ਵਿੱਚ ਅਣਪਛਾਤੇ ਹਥਿਆਰਬੰਦ ਵਿਅਕਤੀਆਂ ਨੇ ਵੱਲੋਂ ਕੋਲੇ ਦੀਆਂ ਖਾਣਾਂ 'ਤੇ ਹਮਲੇ ਦੌਰਾਨ ਘੱਟੋ-ਘੱਟ 20 ਖਾਣ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਅੱਠ ਹੋਰ ਜ਼ਖਮੀ ਹੋ ਗਏ।ਇੱਕ ਖ਼ਬਰ ਏਜੰਸੀ ਨੇ ਦੱਸਿਆ ਕਿ ਇਹ ਘਟਨਾ ਸੂਬੇ ਦੇ ਡੱਕੀ ਖੇਤਰ ਵਿੱਚ ਵਾਪਰੀ ਹੈ ਅਤੇ ਇਹ ਹਮਲਾ ਪਾਕਿਸਤਾਨ ਵਿੱਚ ਹਿੰਸਾ ਦੀ ਇੱਕ ਲੜੀ ਵਿੱਚ ਤਾਜ਼ਾ ਘਟਨਾ ਹੈ। ਜ਼ਿਲ੍ਹਾ ਚੇਅਰਮੈਨ ਡੱਕੀ ਹਾਜੀ ਖੈਰ ਉੱਲਾ ਨਾਸਿਰ ਅਨੁਸਾਰ ਹਮਲਾਵਰਾਂ ਨੇ ਹਮਲੇ ਵਿੱਚ ਹੈਂਡ ਗ੍ਰਨੇਡ ਅਤੇ ਰਾਕੇਟ ਲਾਂਚਰ ਦੀ ਵਰਤੋਂ ਕੀਤੀ। ਉਨ੍ਹਾਂ ਦੱਸਿਆ ਕਿ ਇਲਾਕੇ ਵਿੱਚ ਕੋਲੇ ਦੀਆਂ ਦਸ ਖਾਣਾਂ ਹਨ। ਨਾਸਿਰ ਨੇ ਦੱਸਿਆ ਕਿ ਹਮਲਾਵਰਾਂ ਨੇ ਮੌਕੇ ਤੋਂ ਭੱਜਣ ਤੋਂ ਪਹਿਲਾਂ ਮਾਈਨਿੰਗ ਮਸ਼ੀਨਰੀ ਨੂੰ ਵੀ ਅੱਗ ਲਗਾ ਦਿੱਤੀ।

# ਸਮੱਸਿਆਵਾਂ ਦਾ ਹੱਲ ਜੰਗ ਦੇ ਮੈਦਾਨ ਤੋਂ ਨਹੀਂ ਨਿਕਲ ਸਕਦਾ-ਮੋਦੀ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਲਾਓਸ ਦੀ ਰਾਜਧਾਨੀ ਵਿਖੇ ਚੱਲ ਰਹੇ 19ਵੇਂ ਆਸੀਆਨ ਸੰਮੇਲਨ ਨੂੰ ਸੰਬੋਧਨ ਕਰਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸਮੱਸਿਆਵਾਂ ਦਾ ਹੱਲ ਜੰਗ ਦੇ ਮੈਦਾਨ ਤੋਂ ਨਹੀਂ ਨਿਕਲ ਸਕਦਾ, ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਵਿੱਚ ਸੰਘਰਸ਼ਾਂ ਦਾ ਗਲੋਬਲ ਸਾਉਥ ਦੇ ਦੇਸ਼ਾਂ 'ਤੇ ਸਭ ਤੋਂ ਵੱਧ ਮਾੜਾ ਪ੍ਰਭਾਵ ਪੈ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਯੂਰੇਸ਼ੀਆ ਅਤੇ ਪੱਛਮੀ ਏਸ਼ੀਆ ਵਿੱਚ ਸ਼ਾਂਤੀ ਅਤੇ ਸਥਿੱਰਤਾ ਦੀ ਬਹਾਲੀ ਦਾ ਸੱਦਾ ਦਿੱਤਾ। ਇਸ ਦੌਰਾਨ ਉਨ੍ਹਾਂ ਇਹ ਵੀ ਕਿਹਾ ਕਿ ਇੱਕ ਆਜ਼ਾਦ, ਖੁੱਲ੍ਹਾ, ਸਮਾਵੇਸ਼ੀ, ਖੁਸ਼ਹਾਲ ਅਤੇ ਨਿਯਮ ਆਧਾਰਿਤ ਇੰਡੋ-ਪੈਸੀਫਿਕ ਸਮੁੱਚੇ ਖੇਤਰ ਦੀ ਸ਼ਾਂਤੀ ਅਤੇ ਤਰੱਕੀ ਲਈ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਦੱਖਣੀ ਚੀਨ ਸਾਗਰ ਦੀ ਸ਼ਾਂਤੀ, ਸੁਰੱਖਿਆ ਅਤੇ ਸਥਿਰਤਾ ਪੂਰੇ ਭਾਰਤ-ਪ੍ਰਸ਼ਾਂਤ ਖੇਤਰ ਦੇ ਹਿੱਤ ਵਿੱਚ ਹੈ।

# ਲਓ ਜੀ ਅਮਰੀਕਾ ਵਾਲੇ ਵੀ ਆਪ ਦੀਆਂ ਰੀਸਾਂ ਕਰਨ ਲੱਗੇ ਹਨ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਪੰਜ ਨਵੰਬਰ ਨੂੰ ਹੋਣ ਵਾਲੀਆਂ ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਡੋਨਲ ਟਰੰਪ ਨੇ ਵਾਅਦਾ ਕੀਤਾ ਹੈ ਕਿ ਜੇਕਰ ਉਹ ਰਾਸ਼ਟਰਪਤੀ ਚੁਣੇ ਜਾਂਦੇ ਹਨ ਤਾਂ ਉਹ ਬਿਜਲੀ ਦੀਆਂ ਕੀਮਤਾਂ ਅੱਧੀਆਂ ਕਰ ਦੇਣਗੇ। ਇਸ ਸਬੰਧੀ ਉਨ੍ਹਾਂ ਆਪਣੇ 'ਐਕਸ' ਅਕਾਊਂਟ 'ਤੇ ਇੱਕ ਵੀਡੀਓ ਸਾਂਝੀ ਕੀਤੀ ਹੈ ਜਿਸ ਵਿਚ ਉਨ੍ਹਾਂ ਊਰਜਾ ਅਤੇ ਬਿਜਲੀ ਦੀਆਂ ਕੀਮਤਾਂ ਵਿੱਚ ਵੱਡਾ ਬਦਲਾਅ ਕਰਨ ਦਾ ਵਾਅਦਾ ਕੀਤਾ ਹੈ। ਟਰੰਪ ਨੇ ਕਿਹਾ ਕਿ ਜੇ ਉਹ ਰਾਸ਼ਟਰਪਤੀ ਬਣਦੇ ਹਨ ਤਾਂ 12 ਮਹੀਨਿਆਂ ਦੇ ਅੰਦਰ ਅੰਦਰ ਊਰਜਾ ਅਤੇ ਬਿਜਲੀ ਦੀਆਂ ਕੀਮਤਾਂ ਅੱਧੀਆਂ ਕਰ ਦੇਣਗੇ।ਉਹਨਾਂ ਕਿਹਾ ਕਿ ਇਸ ਕਦਮ ਦੇ ਨਾਲ ਮਹਿੰਗਾਈ ਘੱਟ ਹੋਵੇਗੀ।ਅਮਰੀਕਾ ਵਸਦੇ ਪੰਜਾਬੀ ਭਾਈਚਾਰੇ ਵਿੱਚ ਇਸ ਬਿਆਨ ਨਾਲ ਚਰਚਾ ਛਿੜ ਪਈ ਹੈ ਕਿ ਹੁਣ ਅਮਰੀਕਾ ਵੀ ਪੰਜਾਬ ਦੀ ਰਾਜਨੀਤਕ ਪਾਰਟੀ ਆਪ ਦੀਆਂ ਨੀਤੀਆਂ ਦੀ ਕਾਪੀ ਕਰਨ ਲੱਗਾ ਹੈ।

Ambleton
A Qualico Community

## ਕੈਲਗਰੀ ਦਾ ਨਵਾਂ ਨਾਰਥ

ਇਸਦੀ ਵਧੀ ਹੋਈ ਕੁਦਰਤੀ ਸੈਟਿੰਗ,ਵਿਲੱਖਣ ਥਾਂਵਾਂ ਅਤੇ ਦ੍ਰਿਸ਼ਾਂ ਦੇ ਨਾਲ,ਐਂਬਲਟਨ ਕੈਲਗਰੀ ਦੇ ਸਭ ਤੋਂ ਉੱਤਮ ਸਥਾਨਾਂ ਨੂੰ ਦਰਸਾਉਂਦਾਹੈ।ਖੇਡ ਖੇਤਰ, ਅਤੇ ਸਥਾਨਕ ਅਤੇ ਖੇਤਰੀ ਮਾਰਗ ਨੈੱਟਵਰਕ ਕਮਿਊਨਿਟੀ ਦੀ ਖੋਜਕਰਨਾ ਆਸਾਨ ਬਣਾਉਂਦੇ ਹਨ।ਕਾਫ਼ੀ ਪ੍ਰਚੂਨ ਅਤੇ ਨੇੜਲੇ ਸਕੂਲਾਂ, ਅਤੇ ਭਵਿੱਖ ਦੀ ਹਾਈ ਸਕੂਲ ਸਾਈਟ ਦੇ ਨਾਲ, ਐਂਬਲਟਨ ਕੋਲ ਉਹ ਸਭ ਕੁਝਹੈ,ਜਿਸਦੀ ਤੁਸੀਂ ਕਦੇ ਕਲਪਨਾ ਕਰ ਸਕਦੇ ਹੋ।

ਟਾਊਨ ਹੋਮ

ਲੇਨਡ ਹੋਮ

ਫਰੰਟ ਗੈਰਾਜ

ਇਹਨਾਂ ਐਵਾਰਡ ਜੇਤੂ ਬਿਲਡਰਾਂ ਵਿੱਚੋਂ ਇੱਕ ਨਾਲ
ਆਪਣੇ ਸੁਪਨਿਆਂ ਦਾ ਘਰ ਡਿਜ਼ਾਈਨ ਕਰੋ

- Shane Homes
- Sterling Homes
- Trico Homes
- Broadview Homes
- Jayman BUILT
- StreetSide Developments

7.3 ਕਿਲੋਮੀਟਰ ਲੰਮਾਂ ਪਥ ਵੇਅ
5 ਪਾਰਕ
ਹਾਈ ਸਕੂਲ ਸਾਈਟ ਭਵਿੱਖੀ ਯੋਜਨਾ

ਅੱਜ ਹੀ ਆਪਣੀ ਲਾਟ ਰਾਖਵੀਂ ਕਰਨ ਲਈ ਆਪਣੇ ਮਨਪਸੰਦ ਬਿਲਡਰ ਨਾਲ ਸੰਪਰਕ ਕਰੋ **liveinambleton.com**

WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

QUALICO communities



## Call Romi Sidhu For Insurance & Financial Needs

StateFarm IS NOW Desjardins Insurance

Monday-Friday
9:00 am to 5:30 PM
Weekends: All Other Times Appointments only

4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com

* HOME * DISABILTY * VEHICLE FINANCE
* AUTO * RRSP * CRITICAL ILLNESS
* LIFE * RESP * MUTUAL FUNDS

Romi Sidhu, Agent



## Bains Vision Centre

ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।

ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ

**Dr.Jaswinder S Bains**
Ph.D., OD.

**Tel: 403-274-4514**
Fax: 403-274-4680
5218 Falsbridge Dr NE Calgary AB T3J 3G1

COLDWELL BANKER | YAD REALTY

RESIDENTIAL, COMMERCIAL & PROPERTY MANAGEMENT

ਜੇਕਰ ਤੁਹਾਡਾ ਘਰ 88 ਦਿਨਾਂ ਵਿੱਚ ਨਾ ਵਿਕਿਆ ਤਾਂ
ਉਸ ਤੋਂ ਬਾਅਦ ਅਸੀਂ ਬਿਨਾ ਕਿਸੇ ਫੀਸ ਦੇ ਵੇਚਾਂਗੇ*
*Some condition apply

YADREALTY.CA

ANDY BHALLA
OWNER, BROKER, REALTOR®
403-899-7171

HIRING BEST REAL ESTATE AGENTS
3130, 6520 36 Street NE, Calgary AB

AMRIT BEDI
OWNER & REALTOR®
403-414-9191



## ਨਵੀਂ ਰੁੱਤ, ਨਵਾਂ ਘਰ

Homes from the mid $600s

DAWSON'S LANDING
CHESTERMERE
A QUALICO COMMUNITY

ਚੈਸਟਰਮੀਅਰ ਕਮਿਓਨਿਟੀ,
ਜਿੱਥੇ ਤੁਹਾਨੂੰ ਤੁਹਾਡਾ ਘਰ
ਹੋਣ ਉੱਪਰ ਮਾਣ ਹੋਵੇ

ਵਧ ਰਹੇ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ,ਚੈਸਟਰਮੇਰ ਦੇ ਝੀਲ ਦੇ ਕਿਨਾਰੇ ਸ਼ਹਿਰ ਵਿੱਚ ਡਾਸਨ ਦੀ ਲੈਂਡਿੰਗ, ਵਧਣ ਲਈ ਜਗ੍ਹਾ,ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ, ਅਤੇ ਸਕੂਲਾਂ, ਪਾਰਕਾਂ, ਖਰੀਦਦਾਰੀ, ਅਤੇ ਹੋਰ ਬਹੁਤ ਕੁਝ ਤੱਕ ਪਹੁੰਚ ਪ੍ਰਦਾਨ ਕਰਦੀ ਹੈ। ਕੈਲਗਰੀ ਖੇਤਰ ਵਿੱਚ ਕੁਝ ਸਭ ਤੋਂ ਭਰੋਸੇਮੰਦ ਬਿਲਡਰਾਂ ਦੁਆਰਾ ਬਣਾਈਆਂ ਗਈਆਂ ਘਰੇਲੂ ਸ਼ੈਲੀਆਂ ਦੀ ਇੱਕ ਰੇਂਜ ਦੇ ਨਾਲ ਅਤੇ ਸੁੰਦਰ ਚੈਸਟਰਮੇਰ ਝੀਲ ਤੋਂ ਕੁਝ ਮਿੰਟਾਂ ਵਿੱਚ ਸਥਿਤ, ਡਾਸਨਜ਼ ਲੈਂਡਿੰਗ ਇੱਕ ਅਜਿਹਾ ਭਾਈਚਾਰਾ ਹੈ ਜਿਸ ਵਿੱਚ ਤੁਸੀਂ ਆਪਣਾ ਘਰ ਹੋਣ ਉੱਪਰ ਮਾਣ ਮਹਿਸੂਸ ਕਰੋਗੇ।

- ਹਾਈਵੇਅ 1 ਰਾਹੀਂ ਡਾਊਨਟਾਊਨ ਕੈਲਗਰੀ ਤੱਕ ਪਹੁੰਚ
- ਸਟੋਰਮ ਵਾਟਰ ਕਿਡਨੀ ਬਣਾਉਣ ਲਈ ਪਹਿਲਾ ਰਿਹਾਇਸ਼ੀ ਭਾਈਚਾਰਾ
- ਮਾਲਕਾਂ ਦੀ ਐਸੋਸੀਏਸ਼ਨ ਜੋ ਘਰੇਲੂ ਮੁੱਲਾਂ ਨੂੰ ਸੁਰੱਖਿਅਤ ਰੱਖਦੀ ਹੈ

ਨਵੀਆਂ ਲਾਟਾਂ ਹੁਣ ਵੇਚ ਰਹੇ ਹਾਂ

- NUVISTA HOMES
- BROADVIEW HOMES
- TRICO HOMES
- STERLING HOMES

liveindawsonslanding.ca

WE CREATE LEGACY COMMUNITIES THAT **INSPIRE PRIDE, ENRICH LIVES** AND **ENDURE IN VALUE.**

QUALICO communities

# ਅਰਪਨ ਲਿਖਾਰੀ ਸਭਾ ਦੀ ਮਾਸਿਕ ਮਿਲਣੀ ਦੌਰਾਨ ਨੇਟਿਵ ਬੱਚੀਆਂ ਨਾਲ ਹੋਏ ਜ਼ੁਲਮ ਦੀ ਦਾਸਤਾਨ ਸਾਂਝੀ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ, ਕੈਲਗਰੀ ਦੀ ਮਾਸਿਕ ਮੀਟਿੰਗ 12 ਅਕਤੂਬਰ ਨੂੰ ਡਾ. ਜੋਗਾ ਸਿੰਘ ਸਹੋਤਾ ਅਤੇ ਪਰਮਜੀਤ ਭੰਗੂ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿਚ ਹੋਈ।ਸਕੱਤਰ ਜਰਨੈਲ ਸਿੰਘ ਤੱਗੜ ਨੇ ਸੋਗਮਈ ਖ਼ਬਰਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਸਾਡੇ ਸਭਾ ਦੇ ਸਹਿਰਦ ਮੈਂਬਰ ਸਤਨਾਮ ਸ਼ੇਰਗਿੱਲ ਦੇ ਛੋਟੇ ਭਰਾ ਜਸਵਿੰਦਰ (ਨਿੰਦੀ )ਸ਼ੇਰਗਿੱਲ, ਰੰਗ-ਕਰਮੀ ਗੁਰਸ਼ਰਨ ਭਾਜੀ ਦੀ ਸੁਪਤਨੀ ਕੈਲਾਸ਼ ਕੌਰ ਅਤੇ ਉੱਘੇ ਸਨਅਤਕਾਰ ਅਤੇ ਸਮਾਜ ਸੇਵੀ ਰਤਨ ਟਾਟਾ ਜੀ ਸਦੀਵੀ ਵਿਛੋੜਾ ਦੇ ਗਏ ਹਨ। ਇਨ੍ਹਾਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਅਤੇ ਪਰਿਵਾਰਾਂ ਨਾਲ ਦਿਲੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਸਭਾ ਵੱਲੋਂ ਜਰਨੈਲ ਤੱਗੜ ਨੂੰ ਮਿਲੇ 'ਸਾਊਥ ਏਸ਼ੀਅਨ ਇਨਸਪੀਰੇਸ਼ਨ ਐਵਾਰਡ' ਲਈ ਉਸ ਨੂੰ ਵਧਾਈਆਂ ਦਿੱਤੀਆਂ।ਤੀਹ ਸਤੰਬਰ ਨੂੰ ਕੈਨੇਡੀਅਨ ਨੇਟਿਵ ਲੋਕਾਂ 'ਨੈਸ਼ਨਲ ਡੇ ਫ਼ਾਰ ਟਰੁਥ ਐਂਡ ਰੀਕਨਸੀਲੇਸ਼ਨ' ਦਾ ਦਿਨ ਮਨਾਇਆ ਗਿਆ, ਜਿਸ ਵਿਚ ਸਿੱਧੂ ਸਾਹਿਬ ਨੇ ਵੀ ਸਿਰਕਤ ਕੀਤੀ। ਜਿਥੇ ਉਨ੍ਹਾਂ ਨੂੰ ਨੇਟਿਵ ਕੈਨੇਡੀਅਨ ਦੇ ਕਲਚਰ ਨੂੰ ਨੇੜਿਓ ਦੇਖਣ ਸੁਣਨ ਦਾ ਬਹੁਤ ਵਧੀਆ ਮੌਕਾ ਮਿਲਿਆ।ਉਨ੍ਹਾਂ ਨੇ ਨੇਟਿਵ ਲੋਕਾਂ ਦੇ ਲੋਕ-ਨਾਚਾਂ ਅਤੇ ਤਿਉਹਾਰਾਂ ਦੇ ਪ੍ਰੋਗਰਾਮਾਂ ਬਾਰੇ ਵੇਰਵੇ ਸਾਂਝੇ ਕੀਤੇ।ਉਨਾਂ ਦੇ ਕਲਚਰ ਬਾਰੇ ਨਵੀਆਂ ਜਾਣਕਾਰੀਆਂ ਮਿਲੀਆਂ। ਜਗਦੇਵ ਸਿੱਧੂ ਵੱਲੋਂ ਨੇਟਿਵ ਬੱਚੀਆਂ ਨਾਲ ਹੋਏ ਜ਼ੁਲਮ ਦੀ ਦਾਸਤਾਨ ਬਹੁਤ ਹੀ ਭਾਵੁਕ ਕਵਿਤਾ ਰਾਹੀਂ ਸਾਂਝਾ ਕਰਕੇ ਸ਼ਰਧਾਂਜਲੀ ਦਿੰਦਿਆਂ ਉਸ ਸਮੇਂ ਦੀ ਤਸਵੀਰ ਪੇਸ਼ ਕੀਤੀ।ਉਪਰੰਤ ਸਤਨਾਮ ਸਿੰਘ ਸ਼ੇਰਗਿੱਲ ਨੇ ਵੀ ਨਿੱਜੀ ਤਜਰਬੇ ਵਜੋਂ ਦੱਸਿਆ ਕਿ ਇੱਥੋਂ ਦੇ ਮੂਲ-ਨਿਵਾਸੀ ਬੜੇ ਸਿੱਧੇ-ਸਾਦੇ, ਕੁਦਰਤ-ਪ੍ਰੇਮੀ, ਸਾਫ਼-ਦਿਲ ਅਤੇ ਪਿਆਰ ਕਰਨ ਵਾਲੇ ਹਨ।ਪ੍ਰਿੰਸੀਪਲ ਬਲਦੇਵ ਸਿੰਘ ਦੁੱਲਟ ਨੇ ਇੱਥੋਂ ਦੇ ਰਿਹਾਇਸ਼ੀ ਸਕੂਲਾਂ ਦਾ ਸੰਖੇਪ ਇਤਿਹਾਸ ਵਰਨਣ ਕੀਤਾ।ਜਿਸ ਵਿਚੋਂ ਨੇਟਿਵ ਲੋਕਾਂ ਦੇ ਕਲਚਰ ਅਤੇ ਬੋਲੀ ਖੋਹਣ ਦੀ ਹੋਈ ਬੇਇਨਸਾਫ਼ੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।ਡਾ. ਜੋਗਾ ਸਿੰਘ ਸਹੋਤਾ ਦਰਸ਼ਨ ਸਿੰਘ ਬਰਾੜ,ਮੰਗਲ ਚੱਠਾ, ਪ੍ਰੋ. ਸੁਖਵਿੰਦਰ ਸਿੰਘ ਬਿੰਦ ਬਲਬੀਰ ਗੋਰਾ, ਗੁਰਮੀਤ ਕੌਰ ਸਰਪਾਲ ਡਾ. ਹਰਿੰਦਰਪਾਲ ਸਿੰਘ,ਗੁਰਚਰਨ ਸਿੰਘ ਹੇਅਰ,ਗੁਰਚਰਨ ਕੌਰ ਬਿੰਦ ਜਸਵੀਰ ਸਿਹੋਤਾ ,ਲਖਵਿੰਦਰ ਜੌਹਲ,ਸਰਦੂਲ ਸਿੰਘ ਲੱਖਾ, ਪ੍ਰੋ. ਹਰਭਜਨ ਸਿੰਘ ਅਤੇ ਪਰਮਜੀਤ ਭੰਗੂ ਨੇ ਕਵਿਤਾਵਾਂ ਰਾਹੀਂ ਆਪਣੇ ਜ਼ਜਬਾਤਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸਾਂਝਾ ਕੀਤਾ। ਸਤਨਾਮ ਢਾਅ ਨੇ ਆਪਣੇ ਵਿਚਾਰ ਪੇਸ਼ ਕਰਦਿਆਂ 28 ਸੰਤਬਰ ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਵਿਚਾਰਾਂ ਨੂੰ ਅਮਲ ਵਿਚ ਲਿਆਉਣ ਤੇ ਜ਼ੋਰ ਦਿੱਤਾ। ਅਖ਼ੀਰ ਵਿਚ ਪ੍ਰਧਾਨ ਡਾ. ਜੋਗਾ ਸਿੰਘ ਨੇ ਦੂਜੀਆਂ ਸਭਾਵਾਂ ਤੋਂ ਸ਼ਾਮਲ ਹੋਏ ਸਾਹਿਤਕਾਰਾਂ ਪ੍ਰਤੀ ਆਭਾਰ ਪ੍ਰਗਟ ਕੀਤਾ ਅਤੇ ਸਾਰੇ ਹਾਜ਼ਰੀਨ ਦਾ ਧੰਨਵਾਦ ਕੀਤਾ।

# ਵਕਤ ਦੀਆਂ ਲਕੀਰਾਂ

ਬੀਤੇ ਵਕਤ ਦੀਆਂ ਉਹ ਯਾਦਾਂ,ਦੇਣ ਸਕੂਨ ਬਥੇਰਾ।
ਕੱਠੇ ਰਹਿੰਦੇ ਟੱਬਰ ਬਣਕੇ,ਭਰਿਆ ਭਰਿਆ ਵਿਹੜਾ।
ਕੱਚੇ ਘਰ ਹੁੰਦੇ ਸੀ ਭਾਵੇਂ, ਮੋਹ ਪਿਆਰ ਸੀ ਪੱਕਾ।
ਬੜਾ ਅਨੰਦ ਸੀ ਵਿੱਚ ਗਰੀਬੀ,ਫਿਕਰ ਨਹੀਂ ਸੀ ਭੋਰਾ।
ਵੀਹ ਜੀਆਂ ਦੀ ਇੱਕ ਝਲਿਆਨੀ,ਮਿਲਕੇ ਕਰਨਾ ਕੰਮ।
ਵੱਡਿਆਂ ਦਾ ਸਤਿਕਾਰ ਬੜਾ ਸੀ,ਪਰਿਵਾਰਾਂ ਦੇ ਥੰਮ।
ਕੁੰਡੀ ਸੋਟਾ ਜਦੋਂ ਖੜਕਦਾ, ਮੋਹ ਦੇ ਵੱਜਣ ਤਰਾਨੇ।
ਪਾਥੀਆਂ ਦੀ ਅੱਗ ਵਿੱਚ ਚੁੱਲ੍ਹੇ ਗਾਉਂਦੀ ਸੀ ਅਫਸਾਨੇ।
ਮਿਸੀਆਂ ਰੋਟੀਆਂ ਦੇ ਨਾਲ ਗੰਢਾ,ਉੱਤੇ ਅਚਾਰ ਦੀ ਫਾੜੀ।
ਖਾਕੇ ਆਉਂਦਾ ਬੜਾ ਨਜਾਰਾ, ਨਾਲ ਨੂੰ ਲੱਸੀ ਗਾੜ੍ਹੀ।
ਮੀਂਹ ਪੈਂਦਾ ਜਦ ਗਲੀਆਂ ਦੇ ਵਿੱਚ ਖੂਬ ਦੂੜੰਗੇ ਲਾਉਣੇ।
ਬਦਲ ਗਿਆ ਏ ਸਾਰਾ ਕੁੱਝ ਹੀ, ਮੁੜ ਨੀ ਉਹ ਦਿਨ ਆਉਣੇ।
ਅਸਰ ਦੋ ਗਿਆ ਪੱਛਮ ਦਾ ਹੁਣ ਭੈੜਾ ਹੋਇਆ ਜਮਾਨਾ।
ਭਜਨ ਰੰਗੀਲੇ ਸਭ ਕੁੱਝ ਵਿਸਰਿਆ ਤਰੱਕੀ ਦਾ ਬਹਾਨਾ।

ਕਾਲਾ ਸਿੰਘ ਸੈਣੀ,
ਸਵਰਾਜ ਨਗਰ,ਖਰੜ,ਜਿਲ੍ਹਾ ਐੱਸ.ਏ.ਐੱਸ. ਨਗਰ,ਮੋਹਾਲੀ।

# ਕੀ ਸਿਰ ਕਰਾਮਾਤਾਂ ਤੇ ਪੁਆੜਿਆਂ ਦੀ ਜੜ੍ਹ ਹੈ?

ਮਲਕੀਤ ਸਿੰਘ ਸਿੱਧੂ ਰੀਜਾਇਨਾ
1 306 536 1693

ਸਿਰ ਕੀ ਚੀਜ਼ ਹੈ ਇਹ ਸਿਰ ਜਿਸ ਨੂੰ ਹਰ ਕੋਈ ਮੋਢਿਆਂ ਤੇ ਚੁੱਕੀ ਫਿਰਦਾ ਹੈ। ਨਾਰੀਅਲ ਨਾਲ ਕਾਫੀ ਮਿਲਦੀ ਜੁਲਦੀ ਇਹਦੀ ਸ਼ਕਲ, ਬਾਹਰੋਂ ਵੀ ਤੇ ਅੰਦਰੋਂ ਵੀ। ਨਾਰੀਅਲ ਵਾਂਗੂੰ ਉੱਪਰ ਜੱਤ ਤੇ ਵਿੱਚੋਂ ਖਾਲੀ, ਨਾਰੀਅਲ ਦੀ ਤਰਾਂ ਅੰਦਰੋਂ ਪਾਣੀ ਨਾਲ ਭਰਿਆ। ਇਸ ਪਾਣੀ ਨੂੰ ਅੰਗਰੇਜ਼ੀ ਵਿੱਚ Synapses ਕਿਹਾ ਜਾਂਦਾ ਹੈ। ਇਹ ਇੱਕ ਤਰਾਂ ਨਾਲ ਛੱਪੜ ਹੁੰਦਾ ਹੈ। ਜਿਸ ਤਰਾਂ ਛੱਪੜ ਵਿੱਚ ਮੱਝਾਂ ਤਰਦੀਆਂ ਫਿਰਦੀਆਂ ਹਨ, ਸਿਰ ਵਿਚਕਾਰਲੇ ਛੱਪੜ ਵਿੱਚ ਵੀ ਕਈ ਜੀਵ ਤਰਦੇ ਫਿਰਦੇ ਰਹਿੰਦੇ ਹਨ, ਉਹਨਾਂ ਨੂੰ ਅੰਗਰੇਜ਼ੀ ਵਿੱਚ Seratonin ਕਿਹਾ ਜਾਂਦਾ ਹੈ। ਇਹਨਾ ਦਾ ਕੰਮ ਦਿਮਾਗ ਦੇ ਇੱਕ ਪਾਸਿਓਂ ਤਰ ਕੇ ਦਿਮਾਗ ਦੇ ਦੂਜੇ ਪਾਸੇ ਚੰਗੀ ਜਾਂ ਮੰਦੀ ਖਬਰ ਲੈ ਕੇ ਜਾਣਾ ਹੁੰਦਾ ਹੈ। ਸਿਰ ਬੜੀ ਕੁੱਤੀ ਚੀਜ਼ ਹੈ, ਪੁਆੜਿਆਂ ਦੀ ਜੜ੍ਹ। ਧਰਮ ਦਾ ਕੰਮ ਹੈ ਇਸ ਅੱਥਰੇ ਘੋੜੇ ਨੂੰ ਲਗਾਮ ਪਾਉਣੀ। ਗਿਆਨ ਦਾ ਸਮੁੰਦਰ ਹੈ ਸਿਰ। ਇਹਦੇ ਵਿੱਚ ਗਿਆਨ ਸਟੋਰ ਕਰਨ ਦਾ ਐਡਾ ਵੱਡਾ ਜਖੀਰਾ ਹੈ ਜੋ ਗਿਣਤੀ ਤੋਂ ਬਾਹਰ। ਸਿਰ ਵਿਚਲੇ ਦਿਮਾਗ ਦੇ ਛੋਟੇ ਤੋਂ ਛੋਟੇ ਹਿੱਸੇ ਵਿੱਚ ਬੇਅਥਾਹ ਗਿਆਨ ਇਕੱਠਾ ਕੀਤਾ ਜਾ ਸਕਦਾ ਹੈ। ਮਿਸਾਲ ਦੇ ਤੌਰ ਤੇ ਰੇਤੇ ਦੇ ਕਿਣਕੇ ਜਿੰਨੇ ਥਾਂ ਵਿੱਚ 20 ਲੱਖ, ਕਰੋੜ ਜਿੰਨਾ ਗਿਆਨ ਸਟੋਰ ਕਰ ਸਕਦਾ ਹੈ। ਨਾਰਮਲ ਸਾਈਜ ਦਾ ਸਿਰ 15 ਕਰੋੜ ਕਿਤਾਬਾਂ ਨੂੰ ਯਾਦ ਰੱਖਣ ਦੀ ਸਮਰੱਥਾ ਰੱਖਦਾ ਹੈ। 24 ਘੰਟਿਆਂ ਵਿੱਚ ਦਿਮਾਗ ਵਿੱਚ 60000 ਖ਼ਿਆਲ ਆਉਂਦੇ ਹਨ, ਜਿਹਨਾਂ ਵਿੱਚੋਂ 45000 Negative (ਨਕਾਰਆਤਮਕ) ਹੁੰਦੇ ਹਨ। ਮਤਲੱਬ ਕਿ ਸਿਰ ਵਿੰਚ ਗਿਆਨ ਦਾ ਬੇਅੰਤ ਭੰਡਾਰ ਹੈ। ਇਹੀ ਗਿਆਨ ਹੈ ਜੋ ਆਦਮੀ ਨੂੰ ਟਿਕਣ ਨਹੀਂ ਦਿੰਦਾ। ਪਰ ਗੁਰਬਾਣੀ ਵਿੱਚ ਇਸ ਦਾ ਇਲਾਜ ਹੈ;

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰ ਧਰ ਤਲੀ ਗਲੀ ਮੇਰੀ ਆਉ ॥

ਹੁਣ ਗੱਲ ਕਰਦੇ ਹਾਂ ਪ੍ਰੇਮ ਦੀ। ਹਰ ਇੱਕ ਚੀਜ ਦੇ ਦੋ ਰੂਪ ਹੁੰਦੇ ਹਨ, ਇੱਕ ਸੂਖਮ ਤੇ ਦੂਜਾ ਸਥੂਲ। ਪਿਆਰ ਸਥੂਲ, ਪ੍ਰੇਮ ਸੂਖਮ। ਪਿਆਰ ਕਰਨ ਦਾ ਕੋਈ ਨਾ ਕੋਈ ਕਾਰਨ ਹੁੰਦਾ ਹੈ, ਖ਼ੂਨ ਦਾ ਰਿਸ਼ਤਾ ਜਾਂ ਹੋਰ ਕੁੱਝ। ਮਿਸਾਲ ਦੇ ਤੌਰ ਤੇ, ਮਾਂ ਪੁੱਤ ਦਾ ਪਿਆਰ, ਭੈਣ ਭਰਾ ਦਾ ਪਿਆਰ, ਪਤੀ ਪਤਨੀ ਦਾ ਪਿਆਰ। ਤੇ ਪ੍ਰੇਮ ਕਿਸ ਨੂੰ ਕਹਿੰਦੇ ਹਨ, ਉਹ ਹੈ, ਬੰਦੇ ਬੰਦੇ, ਪੱਤੇ ਪੱਤੇ ਤੇ ਜਰੇ ਜਰੇ ਵਿੱਚੋਂ ਕਿਸੇ ਹਸਤੀ ਦਾ ਹੁਸਨ ਵੇਖ ਕੇ ਖੀਵੇ ਹੋਣਾ। ਉਸ ਹਸਤੀ ਦਾ ਹੁਸਨ ਕਿਸੇ ਭਗਤ ਨੂੰ ਉਹਦੇ ਗੁਰੂ ਵਿੱਚ ਦਿਖਾਈ ਦਿੰਦਾ ਹੈ। ਜਿਵੇਂ ਗੁਰੂ ਪਿਆਰਿਆਂ ਨੂੰ ਗੁਰੂ ਗਰੰਥ ਸਾਹਿਬ ਚੋਂ ਦਿਖਾਈ ਦਿੰਦਾ ਹੈ। ਪਰ ਜਦੋਂ ਭਗਤ ਦਾ ਸਿਰ ਗਿਆਨ ਨਾਲ ਲੱਥ ਪੱਥ ਹੋਵੇ, ਗੁਰੂ ਨਜ਼ਰ ਈ ਨਹੀਂ ਆਉਂਦਾ। ਇਸ ਲਈ ਗੁਰੂ ਮੰਗ ਕਰਦਾ ਹੈ ਕਿ ਜੇ ਪ੍ਰੇਮ ਦੀ ਖੇਡ ਖੇਡਣੀ ਹੈ ਤਾਂ ਗਿਆਨ ਤੋਂ ਮੁਕਤ ਹੋ ਕੇ ਆਉਣਾ। ਸਿਰ ਗਿਆਨ ਦਾ ਨਿਵਾਸ ਅਸਥਾਨ ਹੈ, ਉਹਤੋਂ ਅਲੱਗ ਹੋ ਕੇ ਆਉਣਾ। ਭਾਵ ਨਿਰ ਵਿਚਾਰ ਹੋ ਕੇ ਆਉਣਾ, ਗੁਰੂ ਦੇ ਦਰਬਾਰ।ਇੱਕ ਹੋਰ ਗੱਲ, ਜਦੋਂ ਕੋਈ ਭਗਤ ਆਪਣੇ ਗੁਰੂ ਨੂੰ ਦਕਛਣਾ ਦੇਣ ਜਾਂਦਾ ਹੈ, ਆਪਣੇ ਨਾਲ ਇੱਕ ਨਾਰੀਅਲ ਲੈ ਕੇ ਜਾਂਦਾ ਹੈ, ਜਿਸ ਉੱਪਰ ਲਾਲ ਖੱਮਣੀ ਲਪੇਟੀ ਹੁੰਦੀ ਹੈ। ਨਾਰੀਅਲ ਸਿਰ ਦਾ ਪ੍ਰਤੀਕ ਤੇ ਖਮਣੀ ਪੱਗੜੀ ਦਾ ਪ੍ਰਤੀਕ। ਭਗਤ ਆਪਣੇ ਗੁਰੂ ਪਾਸ ਨੰਗੇ ਸਿਰ ਨਹੀਂ ਜਾਂਦਾ। ਗੁਰੂ ਦਾ ਪਿਆਰਾ ਜਦੋਂ ਗੁਰੂ ਦੇ ਦਰਬਾਰ ਵਿੱਚ ਜਾਂਦਾ ਹਾਂ, ਉਹ ਗੁਰੂ ਅੱਗੇ ਮੱਥਾ ਨਹੀਂ ਟੇਕਦਾ, ਸਿਰ ਟੇਕਦਾ ਹੈ। ਭਾਵ ਗਿਆਨ ਦੀ ਗੱਠੜੀ ਗੁਰੂ ਦੇ ਚਰਨਾ ਵਿੱਚ ਭੇਟ ਕਰ ਦਿੰਦਾ ਹੈ, ਅਤੇ ਇਹਦੇ ਬਦਲੇ ਗੁਰੂ ਉਹਨੂੰ ਗੁਰ-ਗਿਆਨ ਭਾਵ ਸਮੱਤ ਬਖਸ਼ਦਾ ਹੈ।

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।

ONE-STOP TRUCK SALES
ਘੱਟ ਰੇਟ ਉੱਪਰ ਕੁੱਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
YOUR ONE STOP SHOP FOR TRUCK SALES AND FINANCING
ਵਨ-ਸਟਾਪ ਟਰੱਕ ਸੇਲਜ਼ ਵਾਲੇ ਹੀ ਤੁਹਾਨੂੰ ਬਣਾ ਸਕਦੇ ਹਨ
ਹੈਵੀ ਡਿਊਟੀ ਟਰੱਕ ਟਰੇਲਰ, ਟਰੱਕ ਦੇ ਮਾਲਕ
Davinder Gill & Jatinder Gill
306 490 2205, 306 880 3869
56 Bryan Bay, Rosser, MB R3C 2E6 Office: 204-987-7300
Email: admin@onestoptrucksales.com Mob. 204-396-5404

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc "Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

CAM TRANSPORT REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

MIDWEST DIESEL REPAIR INC.
Midwest Truck Parts
Gurprit Gill (Sony)
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
New Automatic Trucks
City Work
Long Haul US- Canada Runs
Dedicated Runs
Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

VESTA PROPERTIES

# SAVE UP TO $15,000

587.674.3438
southpoint@vestaproperties.com

Sales Centre & Showhomes
600 South Point Heath SW, Airdrie, AB

Boardroom

Entertaining Zone

Social Parlor

Monarch Fitness

Serenity Retreat

ਕੂਪਰਜ਼ ਕਰਾਸਿੰਗ 'ਤੇ ਐਲੀਵੇਟ ਕਲੈਕਸ਼ਨ ਦੇ ਉੱਪਰ ਸਥਿਤ, ਮੋਨਾਰਕ 670 ਤੋਂ 1,198 ਵਰਗ ਤੱਕ ਦੇ ਆਲੀਸ਼ਾਨ 1 ਅਤੇ 2 ਬੈੱਡਰੂਮ ਵਾਲੇ ਘਰਾਂ ਦੇ ਨਾਲ-ਨਾਲ ਫਲੈਕਸ ਐਕਸ ਸਪੇਸ ਦੇ ਨਾਲ ਬੇਮਿਸਾਲ ਰਹਿਣ ਦੀ ਪੇਸ਼ਕਸ਼ ਕਰਦਾ ਹੈ। ਉੱਚ-ਅੰਤ ਦੇ ਫਾਈਨਿਸ਼ਾਂ ਅਤੇ ਪ੍ਰੀਮੀਅਮ ਵਿਸ਼ੇਸ਼ਤਾਵਾਂ ਦੇ ਨਾਲ ਮੋਨਾਰਕ ਰੀਡਫੀਨੇਸ ਸੂਫੀਸਟਿਕੇਸ਼ਨ। ਨਿਵਾਸੀ ਪ੍ਰੀਮੀਅਮ ਅਪਾਰਟਮੈਂਟਾਂ ਅਤੇ 4,500 ਵਰਗ ਤੋਂ ਵੱਧ ਦਾ ਆਨੰਦ ਲੈਣਗੇ। ਮੋਨਾਰਕ ਫਿਟਨੈਸ, ਸੋਸ਼ਲ ਪਾਰਲਰ, ਸੈਰੇਨਿਟੀ ਰੀਟਰੀਟ, ਐਂਟਰਟੇਨਿੰਗ ਜ਼ੋਨ, ਬੋਰਡਰੂਮ, ਗੀਅਰ ਸਟੇਸ਼ਨ, ਪਾਵ ਸਪਾ ਅਤੇ ਹੋਰ ਬਹੁਤ ਕੁਝ ਸਮੇਤ ਸ਼ਾਨਦਾਰ ਅੰਦਰੂਨੀ ਸੁਵਿਧਾਵਾਂ - ਘਰ ਵਿੱਚ ਇਕੱਠੇ ਹੋਣ, ਆਰਾਮ ਕਰਨ ਅਤੇ ਮਹਿਸੂਸ ਕਰਨ ਲਈ ਇੱਕ ਸੰਪੂਰਣ ਸਥਾਨ।

REGISTER TO LEARN MORE **VESTAELEVATE.COM**

Renderings are an artist's conception and are intended as a general reference only.

#1601 – 201 Cooperswood Green SW, Airdrie
587.317.1516 | cooperscrossing@vestaproperties.com

# ਕੈਲਗਰੀ ਵਿੱਚ ਸਾਂਝਾ ਪੰਜਾਬ ਗਰੌਸਰੀ ਸਟੋਰ

ਦੀ ਪੰਜਵੀਂ ਲੋਕੇਸ਼ਨ ਰੈੱਡ ਸਟੋਨ ਏਰੀਆ ਵਿੱਚ 3150-235 ਰੈੱਡ ਐਂਬਰਜ਼ ਵੇਅ ਨਾਰਥ ਈਸਟ ਵਿੱਚ ਖੁੱਲ ਗਈ ਹੈ

Mega
## Sanjha Punjab
GROCERY STORE

ਤਾਜ਼ੀਆਂ ਸਬਜ਼ੀਆਂ, ਫਲ਼ ਫਰੂਟ, ਆਟਾ ਦਾਲਾਂ, ਰਸੋਈ ਦਾ ਸਮਾਨ ਦੇਗਾਂ, ਪਤੀਲੇ, ਕੜਛੀਆਂ, ਪਰੈਸ਼ਰ ਕੂਕਰ, ਮੰਜੇ, ਆਦਿ ਪੰਜਾਬ ਦੀ ਘਾਟ ਮਹਿਸੂਸ ਹੀ ਨਹੀਂ ਹੋਣ ਦਿੰਦੇ ।

5 LOCATIONS TO SERVE YOU

| 331-3690 WESTWINDS DR NE, CALGARY | 117 7171 80 AVE NE, CALGARY | 570- 6520 FALCONRIDGE BLVD. NE, CALGARY | 606 CITYSCAPE SQR NE, CALGARY | 3150 - 235 RED EMBERS WAY NE, CALGARY |
|---|---|---|---|---|



2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ

2 FOR 1 PIZZA HOUSE
HOUSE OF TASTE & QUALITY

Please advise us of any food allergies

ਆਪਣੇ ਸ਼ਹਿਰ ਵਿੱਚ
2 ਫਾਰ ਵਨ ਪੀਜ਼ਾ ਦੀ ਫਰੈਂਚਾਈਜ
ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application

"GREAT FOOD, GREAT PRICE, GREAT QUALITY!!"

Business Hours
Sunday – Thursday
11:00 am – 12:00 am
Friday & Saturday
11:0 am – 1:00 am
Location Hours May Vary

info@2for1pizzahouse.com
www.2for1pizzahouse.com

We are proud to serve in Edmonton with 6 locations!

| CALGARY | STONEGATE - CALGARY | NOLAN HILL - CALGARY |
|---|---|---|
| #123, 55 Westwinds Cres NE, Calgary, AB T3J 5H2 Tel: 403-285-9000 | #112, 2550 Country Hills Blvd NE, Calgary, AB T3N 1E4 Tel: 403-818-9000 | #155, 50 Nolanridge Crt NW Calgary, AB Tel: 403-300-2442 |
| **CHESTERMERE** | **EDMONTON** | **EDMONTON** |
| #101-288 Kinniburg BLVD Chestermere (AB) Tel: 403 250 9009 | #3747 – 8th Ave SW, Edmonton, AB T6X 1A4 Tel: 780-250-9009 | #3050, 106 St NW, Edmonton, AB T6J 5M5 Tel: 780-540-9900 |



BHINDER EXTERIORS LTD.

# BHINDER EXTERIOR

ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?

ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।

ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ

ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।

* ਸਾਨੂੰ ਵਰਕਰਾਂ ਦੀ ਲੋੜ ਹੈ

*All kind of Exterior Service*

* Siding * Soffit
* Fascia * Cedar
* Smart Board
* Paper Wire
* Stucco & Roofing
* Eavestrough

FREE Estimate

**Call: 403 680 0436**
**Email: sandeeptoor72@gmail.com**